Excellence in Agri Info
KHETI DUNIYAN, PATIALA

# ਖੇਤੀ ਦੁਨੀਆਂ

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
All Subject to Patiala Jurisdiction
www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ

Editor : Jagpreet Singh • RNI/PUNPUN00806 • Issue Dated 05-04-2025 • Vol.43 No.14 • Ph. : 0175-2214575, 90410-14575 • Page : 16 E-mail : khetiduniyan1983@gmail.com

## ਕਣਕ ਦੇ ਉੱਤਮ ਅਤੇ ਨਿਰੋਗ ਬੀਜ ਦੀ ਪੈਦਾਵਾਰ ਆਪ ਕਰੋ

**ਕਿਸਾਨ ਵੀਰੋ, ਸਿਆਣਿਆਂ ਦੇ ਕਹਿਣ ਮੁਤਾਬਿਕ 'ਉੱਤਮ ਬੀਜ ਸਫਲਤਾ ਦੀ ਕੁੰਜੀ' ਹੁੰਦਾ ਹੈ ਜੋ ਵਧੇਰੇ ਉੱਗਣ ਸ਼ਕਤੀ ਵਾਲਾ, ਨਦੀਨਾਂ ਦੇ ਬੀਜਾਂ ਤੋਂ ਮੁਕਤ ਅਤੇ ਬਿਮਾਰੀਆਂ ਤੋਂ ਵੀ ਰਹਿਤ ਹੁੰਦਾ ਹੈ। ਅਗਲੇ ਸਾਲ ਕਣਕ ਦੀ ਬਿਜਾਈ ਲਈ ਆਪਣੀ ਸਮਰੱਥਾ ਮੁਤਾਬਿਕ ਬਿਮਾਰੀਆਂ ਤੋਂ ਮੁਕਤ ਕਣਕ ਦਾ ਬੀਜ ਆਪਣੇ ਖੇਤਾਂ ਵਿਚ ਆਪੇ ਹੀ ਤਿਆਰ ਕਰੋ। ਇਸ ਲੇਖ ਵਿਚ ਅਸੀ ਬੀਜ ਰਾਹੀ ਫੈਲਣ ਵਾਲੀਆਂ ਕਣਕ ਦੀਆਂ ਬਿਮਾਰੀਆਂ ਦੀ ਪਛਾਣ ਅਤੇ ਉਨ੍ਹਾਂ ਦੀ ਸਹੀ ਸਮੇਂ ਤੇ ਰੋਕਥਾਮ ਕਰਨ ਬਾਰੇ ਕੁਝ ਨੁਕਤੇ ਸਾਂਝੇ ਕਰ ਰਹੇ ਹਾਂ।**

**ਕਰਨਾਲ ਬੰਟ** : ਇਹ ਇਕ ਉੱਲੀ ਦੀ ਬਿਮਾਰੀ ਹੈ ਜੋ ਕਣਕ ਦੇ ਬੀਜ ਦੀ ਗੁਣਵੱਤਾ ਤੇ ਮਾੜਾ ਪ੍ਰਭਾਵ ਪਾਉਂਦੀ ਹੈ। ਇਸ ਦੇ ਰੋਗਾਣੂੰ ਮਿੱਟੀ ਅਤੇ ਬੀਜ ਵਿਚ ਜਿਉਂਦੇ ਰਹਿੰਦੇ ਹਨ ਅਤੇ ਇਹ ਬਿਮਾਰੀ ਕੁਆਰੰਟੀਨ ਦੀ ਇਕ ਗੰਭੀਰ ਸਮੱਸਿਆ ਹੋਣ ਕਰਕੇ ਕਣਕ ਦੇ ਵਪਾਰ ਨੂੰ ਪ੍ਰਭਾਵਿਤ ਕਰਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਵਲੋਂ ਸਾਲ 2023-24 ਦੌਰਾਨ ਪੰਜਾਬ ਦੀਆਂ ਮੰਡੀਆਂ ਦਾ ਸਰਵੇਖਣ ਕੀਤਾ ਗਿਆ ਅਤੇ ਸਰਵੇਖਣ



ਦੌਰਾਨ ਬਿਮਾਰੀ ਦੀ ਔਸਤਨ ਤੀਬਰਤਾ 0.001 ਪ੍ਰਤੀਸ਼ਤ ਪਾਈ ਗਈ ਸੀ ਅਤੇ ਬਿਮਾਰੀ ਦਾ ਹਮਲਾ ਸਭ ਤੋਂ ਵੱਧ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਵਿਚ (0.13%) ਪਾਇਆ ਗਿਆ ਸੀ। ਖੇਤ ਵਿਚ ਕਰਨਾਲ ਬੰਟ ਦੇ ਲੱਛਣਾਂ ਦੀ ਪਛਾਣ ਕਰਨੀ ਔਖੀ ਹੁੰਦੀ ਹੈ ਪਰ ਕਣਕ ਦੀ ਵਾਢੀ ਤੋਂ ਬਾਅਦ ਬੀਜਾਂ ਵਿਚ ਇਸ ਬਿਮਾਰੀ ਦੇ ਲੱਛਣ ਅਸਾਨੀ ਨਾਲ ਪਛਾਣੇ ਜਾਂ ਸਕਦੇ ਹਨ। ਆਮ ਤੌਰ 'ਤੇ ਇਸਦੇ ਲੱਛਣ ਸਿਰਫ ਦਾਣੇ ਦੇ ਸਿਰੇ ਤੇ ਹੀ ਦਿਸਦੇ ਹਨ ਪਰ ਕਦੇ-ਕਦੇ ਸਾਰੇ ਦਾ ਸਾਰਾ ਦਾਣਾ ਹੀ ਇਸ ਬਿਮਾਰੀ ਨਾਲ ਪ੍ਰਭਾਵਿਤ ਹੋ ਜਾਂਦਾ ਹੈ। ਇਨ੍ਹਾਂ ਬਿਮਾਰੀ ਗ੍ਰਸਤ ਦਾਣਿਆਂ ਤੇ ਗੂੜੇ ਕਾਲੇ ਰੰਗ ਦਾ ਧੂੜਾ ਹੋ ਜਾਂਦਾ ਹੈ। ਜੇਕਰ ਇਨ੍ਹਾਂ ਦਾਣਿਆਂ ਨੂੰ ਹੱਥਾਂ ਵਿਚ ਮਲਿਆ ਜਾਂ ਭੰਨਿਆ ਜਾਵੇ ਤਾਂ ਇਨ੍ਹਾਂ ਵਿੱਚੋਂ ਬੜੀ ਭੈੜੀ ਦੁਰ 'ਧ ਆਉਂਦੀ ਹੈ। ਇਹ ਕਾਲਾ ਧੂੜਾ ਅਸਲ ਵਿਚ ਬਿਮਾਰੀ ਦੀ ਉੱਲੀ ਦੇ ਕਣ ਹੁੰਦੇ ਹਨ ਜੋ ਕਈ ਸਾਲਾਂ ਤੱਕ ਦਾਣਿਆਂ ਅਤੇ ਜ਼ਮੀਨ ਵਿਚ ਜੀਵਿਤ ਰਹਿੰਦੇ ਹਨ।



**ਸਿੱਟਿਆਂ ਦੀ ਕਾਂਗਿਆਰੀ** : ਉੱਲੀ ਦੀ ਇਹ ਬਿਮਾਰੀ ਵੀ ਬੀਜ ਰਾਹੀਂ ਆਉਂਦੀ ਅਤੇ ਅਤੇ ਇਸ ਦੇ ਜੀਵਾਣੂੰ ਧਾਗਿਆਂ ਦੇ ਰੂਪ ਵਿਚ ਸਿਹਤਮੰਦ ਦਿਖਾਈ ਦੇਣ ਵਾਲੇ ਬੀਜ ਦੇ ਅੰਦਰ ਲੁਪਤ ਅਵਸਥਾ ਵਿਚ ਪਏ ਰਹਿੰਦੇ ਹਨ। ਅਗਲੇ ਸਾਲ ਜਦੋਂ ਇਹ ਬੀਜ ਬਿਜਾਈ ਲਈ ਵਰਤਿਆ ਜਾਂਦਾ ਹੈ ਤਾਂ ਕਣਕ ਦੇ ਨਿਸਾਰੇ ਸਮੇਂ ਇਸ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਂਦੀਆਂ ਹਨ। ਫਸਲ ਦੇ ਨਿਸਰਣ ਤੋਂ ਪਹਿਲਾਂ ਬਿਮਾਰੀ ਨਾਲ ਪ੍ਰਭਾਵਿਤ ਬੀਜ ਤੋਂ ਪੈਦਾ ਹੋਇਆ ਬੂਟਾ ਇੱਕ ਸਿਹਤਮੰਦ ਬੂਟੇ ਵਾਂਗੂੰ ਹੀ ਨਜ਼ਰ ਆਉਂਦਾ ਹੈ। ਅਜਿਹੇ ਬੂਟੇ ਕਣਕ ਦੇ ਸਿਹਤਮੰਦ ਬੂਟਿਆਂ ਤੋਂ 2-3 ਦਿਨ ਪਹਿਲਾਂ ਹੀ ਨਿਸਰ ਜਾਂਦੇ ਹਨ।

**ਪੱਤਿਆਂ ਦੀ ਕਾਂਗਿਆਰੀ** : ਇਹ ਬਿਮਾਰੀ ਜ਼ਿਆਦਾਤਰ ਹੁਸ਼ਿਆਰਪੁਰ ਦੇ ਕੰਢੀ ਖੇਤਰਾਂ ਵਿਚ ਪਾਈ ਜਾਂਦੀ ਹੈ। ਇਸ ਬਿਮਾਰੀ ਨਾਲ ਪੱਤਿਆਂ ਅਤੇ ਤਣੇ ਉੱਤੇ ਸਲੇਟੀ ਜਾਂ ਕਾਲੇ ਰੰਗ ਦੀਆਂ ਲੰਬੀਆਂ ਧਾਰੀਆਂ ਬਣ ਜਾਂਦੀਆਂ ਹਨ। ਜਿਹੜੀਆਂ ਕਿ ਪਹਿਲਾਂ ਪੱਤੇ ਦੀ ਪਤਲੀ ਸਤਹਿ ਹੇਠਾਂ ਰਹਿੰਦੀਆਂ ਹਨ ਅਤੇ ਬਾਅਦ ਵਿਚ ਫੱਟਣ ਤੇ ਇਨ੍ਹਾਂ ਵਿੱਚੋਂ ਕਾਲੇ ਰੰਗ ਦਾ ਧੂੜਾ ਨਿਕਲਦਾ ਹੈ।

**ਕਣਕ ਦਾ ਰੋਗ ਮੁਕਤ ਬੀਜ ਪੈਦਾ ਕਰਨ ਲਈ ਜ਼ਰੂਰੀ ਨੁਕਤੇ** : ਬੀਜ ਵਾਲੀ ਫਸਲ ਦਾ ਨਿਸਾਰਾ ਸ਼ੁਰੂ ਹੋਣ ਸਮੇਂ ਅਤੇ ਨਿਸਰਣ ਤੋਂ ਬਾਅਦ ਇਸ ਵਿੱਚੋਂ ਗੈਰਫਸਲੀ ਅਤੇ ਬਿਮਾਰੀ ਬੂਟਿਆਂ ਨੂੰ ਪੁੱਟ ਕੇ ਨਸ਼ਟ ਕਰਨ ਲਈ ਆਪਣੇ ਖੇਤਾਂ ਦਾ ਚੰਗੀ ਤਰ੍ਹਾਂ ਨਿਰੀਖਣ ਕਰੋ। ਪੱਤਿਆਂ ਦੀ ਕਾਂਗਿਆਰੀ ਤੋਂ ਪ੍ਰਭਾਵਿਤ ਬੂਟੇ ਅੱਧ ਜਨਵਰੀ ਤੋਂ ਬਾਅਦ ਚੰਗੀ ਤਰ੍ਹਾਂ ਦਿਖਾਈ ਦੇਣ ਲੱਗ ਪੈਂਦੇ ਹਨ। ਅਜਿਹੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਦਿਓ ਅਤੇ ਨਸ਼ਟ ਕਰ ਦਿਓ ਤਾਂ ਜੋ ਬਿਮਾਰੀ ਨੂੰ ਅਗਲੇ ਸਾਲ ਲਈ ਘਟਾਇਆ ਜਾ ਸਕੇ। ਕਰਨਾਲ ਬੰਟ ਤੋਂ ਬਚਾਅ ਲਈ ਬੀਜ ਵਾਲੀ ਫਸਲ ਤੇ ਨਿਸਾਰੇ ਸਮੇਂ 200 ਮਿ.ਲਿ. ਪ੍ਰੋਪੀਕੋਨਾਜ਼ੋਲ (ਟਿਲਟ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਘੋਲ ਕੇ ਪ੍ਰਤੀ ਏਕੜ ਦਾ ਹਿਸਾਬ ਨਾਲ ਛਿੜਕਾਅ ਕਰੋ। ਫਸਲ ਦੇ ਨਿਸਰੇ ਤੋਂ ਬਾਅਦ ਇਸ ਛਿੜਕਾਅ ਦਾ ਕੋਈ ਫਾਇਦਾ ਨਹੀਂ ਹੁੰਦਾ। ਸਿੱਟਿਆਂ ਦੀ ਕਾਂਗਿਆਰੀ ਦਾ ਹਮਲਾ ਫਸਲ ਦੇ ਨਿਸਰੇ ਸਮੇਂ ਨਜ਼ਰ ਆਉਂਦਾ ਹੈ ਇਸ ਲਈ ਫਸਲ ਦੇ ਨਿਸਰਨ ਸਮੇਂ ਆਪਣੇ ਖੇਤਾਂ ਦਾ ਨਿਰੀਖਣ ਕਰੋ। ਜੇਕਰ ਕਾਂਗਿਆਰੀ ਨਾਲ ਪ੍ਰਭਾਵਿਤ ਸਿੱਟੇ ਦਿਖਾਈ ਦੇਣ ਤਾਂ ਉਨ੍ਹਾਂ ਉੱਪਰ ਲਿਫਾਫਾ ਚੜ੍ਹਾ ਕੇ ਕੱਟ ਦਿਓ। ਇਸ ਤਰ੍ਹਾਂ ਕਰਨ ਨਾਲ ਇਹ ਬਿਮਾਰੀ ਸਿਹਤਮੰਦ ਸਿੱਟਿਆਂ ਨੂੰ ਨਹੀਂ ਲੱਗੇਗੀ ਅਤੇ ਦਾਣੇ ਰੋਗ ਰਹਿਤ ਪੈਦਾ ਹੋਣਗੇ। ਬੀਜ ਐਕਟ ਅਨੁਸਾਰ ਕਾਂਗਿਆਰੀ ਦੀਆਂ ਸੰਵੇਦਨਸ਼ੀਲ ਕਿਸਮਾਂ ਦੇ ਬੀਜਾਂ ਦਾ ਉਤਪਾਦਨ ਕਰਨ ਲਈ ਬੁਨਿਆਦੀ ਬੀਜ ਵਿਚ 0.1 ਫੀਸਦੀ ਅਤੇਸਰਟੀਫਾਈਡ ਬੀਜ ਵਿਚ 0.5 ਫੀਸਦੀ ਤੋਂ ਵੱਧ ਕਾਂਗਿਆਰੀ ਵਾਲੀਆਂ ਸ਼ਾਖਾਵਾਂ ਨਹੀਂ ਹੋਣੀਆਂ ਚਾਹੀਦੀਆਂ। ਬੀਜ ਵਾਲੀ ਫਸਲ ਦੀ ਵਾਢੀ ਚੰਗੀ ਧੁੱਪ ਵਾਲੇ ਦਿਨ ਤੇ ਹੀ ਕੀਤੀ ਜਾਣੀ ਚਾਹੀਦੀ ਹੈ। ਜੇਕਰ ਬੀਜ ਵਾਲੀ ਫਸਲ ਨੂੰ ਬੱਦਲਵਾਈ ਅਤੇ ਨਮੀਂ ਦੀ ਮੌਜੂਦਗੀ ਵਿਚ ਵੱਢਿਆ ਜਾਵੇ ਤਾਂ ਬੀਜ ਦੇ ਛਿਲਕੇ ਉਪਰ ਕਿਸੇ ਕਿਸਮ ਦੇ ਜ਼ਖਮ ਹੋਣ ਜਾਂ ਬੀਜ ਟੁੱਟਾ ਹੋਇਆ ਹੋਵੇ ਤਾਂ ਇਸ ਦੇ ਭੰਡਾਰਨ ਸਮੇਂ ਕਈ ਤਰ੍ਹਾਂ ਦੇ ਕੀੜੇ ਅਤੇ ਉੱਲੀਆਂ ਪੈਦਾ ਹੋ ਜਾਂਦੀਆਂ ਹਨ ਜੋ ਬੀਜ ਦੀ ਗੁਣਵੱਤਾ ਤੇ ਮਾੜਾ ਅਸਰ ਪਾਉਂਦੀਆਂ ਹਨ। ਬੀਜ ਵਾਲੀ ਫਸਲ ਦੀ ਗਹਾਈ ਦੂਜੀਆਂ ਫਸਲਾਂ ਤੋਂ ਅਲੱਗ ਅਤੇ ਪੱਕੇ ਫਰਸ਼ ਤੇ ਆਪਣੀ ਨਿਗਰਾਨੀ ਅਤੇ ਦੇਖ-ਰੇਖ ਹੇਠ ਕਰਨੀ ਚਾਹੀਦੀ ਹੈ। ਇਹ ਕੰਮ ਕਰਨ ਲਈ ਕਣਕ ਦੇ ਬੀਜ ਨੂੰ ਪਹਿਲਾਂ ਸਧਾਰਨ ਪਾਣੀ ਵਿਚ ਕੁਝ ਮਿੰਟਾਂ ਲਈ ਭਿਉਂ ਦਿਓ ਅਤੇ ਬਾਅਦ ਵਿਚ ਬਾਹਰ ਕੱਢ ਕੇ ਸਫੇਦ ਕਾਗਜ਼ ਤੇ ਖਿਲਾਰ ਲਓ। ਜੇਕਰ ਕਰਨਾਲ ਬੰਟ ਨਾਲ ਪ੍ਰਭਾਵਿਤ 4-5 ਦਾਣੇ ਨਜ਼ਰ ਆਉਂ ਤਾਂ ਇਸ ਤਰ੍ਹਾਂ ਦਾ ਬੀਜ ਅਗਲੇ ਸਾਲ ਲਈ ਨਾ ਰੱਖਿਓ।

**ਅਮਰਜੀਤ ਸਿੰਘ, ਅੰਜੂ ਬਾਲਾ ਅਤੇ ਜਸਪਾਲ ਕੌਰ, ਪੌਦਾ ਰੋਗ ਵਿਭਾਗ**
(ਮੋ. 70095-73527)




ਅੰਦਰ ਪੜ੍ਹੋ


ਹਲਦੀ : ਬੀਜ ਉਤਪਾਦਨ ਤੋਂ ਪ੍ਰੋਸੈਸਿੰਗ ਤੱਕ ਦਾ ਸਫਰ


ਬੀਜ ਵਾਲੇ ਆਲੂ ਗੁਦਾਮਾਂ ਵਿਚ ਰੱਖਣ ਤੋਂ ਪਹਿਲਾਂ ਧੱਫੜੀ ਰੋਗ ਰਹਿਤ ਬੀਜ ਚੁਣੋ


ਖੇਤੀਬਾੜੀ ਮਸ਼ੀਨਰੀ 'ਤੇ ਟੈਕਸ ਦੀ ਮਾਰ, ਜੀ.ਐਸ.ਟੀ. ਵਿੱਚ ਸੁਧਾਰ ਦੀ ਲੋੜ


ਗਰਮੀ ਅਤੇ ਬਹਾਰ ਰੁੱਤ ਦੀਆਂ ਫਸਲਾਂ ਵਿਚ ਖੁਰਾਕੀ ਤੱਤਾਂ ਦਾ ਪ੍ਰਬੰਧ ਜ਼ਰੂਰੀ

# ਹਲਦੀ : ਬੀਜ ਉਤਪਾਦਨ ਤੋਂ ਪ੍ਰੋਸੈਸਿੰਗ ਤੱਕ ਦਾ ਸਫਰ

**ਕਮਲਜੀਤ ਕੌਰ, ਤਰਵਿੰਦਰ ਪਾਲ ਸਿੰਘ ਅਤੇ ਦੀਪਕ ਅਰੋੜਾ, ਭੋਜਨ ਵਿਗਿਆਨ ਅਤੇ ਤਕਨੋਲੋਜੀ ਵਿਭਾਗ, ਭੋਜਨ ਵਿਗਿਆਨ ਅਤੇ ਤਕਨੋਲੋਜੀ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98724-28072)**



**ਹਲਦੀ ਮੁੱਖ ਤੌਰ ਤੇ ਮਸਾਲੇ ਵਜੋਂ ਜਾਂ ਭੋਜਨ ਨੂੰ ਰੰਗ ਦੇਣ ਨਹੀ ਅਤੇ ਚਿਕਿਤਸਕ ਜੜ੍ਹੀ-ਬੂਟੀ ਦੇ ਤੌਰ ਦੇ ਵਰਤੀ ਜਾਂਦੀ ਹੈ । ਇਸ ਫਸਲ ਦੇ ਵਧਣ-ਫੁੱਲਣ ਲਈ ਗਰਮ ਤੇ ਸਿੱਲ੍ਹੇ ਜਲਵਾਯੂ ਦੀ ਲੋੜ ਹੈ । ਸਿੰਚਾਈ ਵਾਲੇ ਇਲਾਕਿਆਂ ਵਿਚ ਇਸ ਦੀ ਬਿਜਾਈ ਦੀ ਆਮ ਸਿਫਾਰਸ਼ ਕੀਤੀ ਜਾਂਦੀ ਹੈ । ਹਲਦੀ ਦੀ ਕਾਸ਼ਤ ਉਂਝ ਤਾਂ ਹਰ ਪ੍ਰਕਾਰ ਦੀ ਜ਼ਮੀਨ ਵਿਚ ਕੀਤੀ ਜਾ ਸਕਦੀ ਹੈ, ਪਰ ਵਧੇਰੇ ਝਾੜ ਝਾੜ ਲਈ ਪਾਣੀ ਦੇ ਨਿਕਾਸ ਵਾਲੀ, ਦਰਮਿਆਨੀ ਤੋਂ ਭਾਰੀ ਜ਼ਮੀਨ ਜੋ ਚੰਗੇ ਜੀਵਕ ਮਾਦੇ ਵਾਲੀ ਹੋਵੇ, ਉੱਤਮ ਗਿਣੀ ਜਾਂਦੀ ਹੈ ।**

## ਉੱਨਤ ਕਿਸਮਾਂ

**ਪੰਜਾਬ ਹਲਦੀ-1 (2008)** : ਇਸ ਦੇ ਪੌਦੇ ਖੜ੍ਹਵੇਂ ਅਤੇ ਦਰਮਿਆਨੀ ਉਚਾਈ ਦੇ ਹੁੰਦੇ ਹਨ । ਪੱਤੇ ਹਰੇ ਅਤੇ ਦਰਮਿਆਨੇ ਅਕਾਰ ਦੇ ਅਤੇ ਇਸ ਦੀ ਗੰਢੀਆਂ ਲੰਮੀਆਂ ਅਤੇ ਦਰਮਿਆਨੀ ਮੋਟਾਈ ਦੀਆਂ ਹੁੰਦੀਆਂ ਹਨ । ਗੰਢੀਆਂ ਦੇ ਛਿਲਕੇ ਦਾ ਰੰਗ ਭੂਰਾ ਅਤੇ ਗੁੱਦਾ ਗੂੜ੍ਹਾ ਪੀਲਾ ਹੁੰਦਾ ਹੈ । ਇਹ ਕਿਸਮ 215 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ ਔਸਤਨ 108 ਕੁਇੰਟਲ ਪ੍ਰਤੀ ਏਕੜ ਝਾੜ ਦਿੰਦੀ ਹੈ ।

**ਪੰਜਾਬ ਹਲਦੀ-2 (2008)** : ਇਸ ਦੇ ਪੌਦੇ ਖੜ੍ਹਵੇਂ ਅਤੇ ਉੱਚੇ ਹੁੰਦੇ ਹਨ । ਪੱਤੇ ਹਲਕੇ ਹਰੇ ਰੰਗ ਦੇ ਅਤੇ ਚੌੜੇ ਹੁੰਦੇ ਹਨ । ਇਸ ਕਿਸਮ ਦੀਆਂ ਗੰਢੀਆਂ ਲੰਮੀਆਂ ਅਤੇ ਮੋਟਾਈ ਹੁੰਦੀਆਂ ਹਨ । ਗੰਢੀਆਂ ਦੇ ਛਿਲਕੇ ਦਾ ਰੰਗ ਭੂਰਾ ਅਤੇ ਗੁੱਦਾ ਪੀਲਾ ਹੁੰਦਾ ਹੈ । ਇਹ ਕਿਸਮ ਪੱਕਣ ਲਈ 240 ਦਿਨ ਲੈਂਦੀ ਹੈ ਅਤੇ ਔਸਤਨ ਝਾੜ 122 ਕੁਇੰਟਲ ਪ੍ਰਤੀ ਏਕੜ ਨਿਕਲ ਆਉਂਦਾ ਹੈ ।

## ਕਾਸ਼ਤ ਦੇ ਢੰਗ

**ਜ਼ਮੀਨ ਦੀ ਤਿਆਰੀ** : ਹਲਦੀ ਦੀ ਬਿਜਾਈ ਤੋਂ ਪਹਿਲਾਂ ਜ਼ਮੀਨ ਨੂੰ ਚੰਗੀ ਤਰ੍ਹਾਂ ਵਾਹ-ਸਵਾਰ ਚਾਹੀਦਾ ਹੈ । ਇਸ ਲਈ ਖੇਤ ਨੂੰ ਦੋ-ਤਿੰਨ ਵਾਰ ਵਾਹੁਣਾ ਅਤੇ ਹਰ ਵਾਹੀ ਤੋਂ ਬਾਅਦ ਸੁਹਾਗਾ ਦੇਣਾ ਜ਼ਰੂਰੀ ਹੈ ਖੇਤ ਵਿਚ ਪਿਛਲੀ ਫਸਲ ਦੇ ਮੁੱਢ ਤੇ ਘਾਹ-ਫੂਸ ਬਿਲਕੁਲ



ਨਹੀਂ ਰਹਿਣ ਦੇਣੇ ਚਾਹੀਦੇ ਹਨ ।

**ਬੀਜ ਦੀ ਮਾਤਰਾ** : ਇਸ ਦੀ ਕਾਸ਼ਤ ਲਈ ਮੁੱਢਲੀਆਂ ਅਤੇ ਮੁੱਖ ਗੰਢੀਆਂ ਦੀ ਵਰਤੋਂ ਕੀਤੀ ਜਾਂਦੀ ਹੈ । ਇਸ ਲਈ ਤਾਜ਼ੀਆਂ, ਰੋਗ ਰਹਿਤ ਅਤੇ ਇੱਕੋ ਜਿਹੇ ਆਕਾਰ ਦੀਆਂ 6-8 ਕੁਇੰਟਲ ਗੰਢੀਆਂ ਇਕ ਏਕੜ ਲਈ ਕਾਫੀ ਹਨ ।

**ਬਿਜਾਈ ਦਾ ਸਮਾਂ** : ਪੂਰਾ ਝਾੜ ਲੈਣ ਲਈ ਅਪ੍ਰੈਲ ਦੇ ਅਖੀਰ ਵਿੱਚ ਗੰਢੀਆਂ ਦੀ ਬਿਜਾਈ ਕਰੋ । ਉੱਤਰੀ ਜ਼ਿਲ੍ਹਿਆਂ ਅਤੇ ਨੀਮ ਪਹਾੜੀ ਇਲਾਕਿਆਂ ਵਿਚ ਇਸ ਦੀ ਬਿਜਾਈ ਇਕ ਹਫਤੇ ਤੱਕ ਕੀਤੀ ਜਾ ਸਕਦੀ ਹੈ । ਇਸ ਦੀ ਬਿਜਾਈ ਪਨੀਰੀ ਰਾਹੀਂ ਦੀ ਕੀਤੀ ਜਾ ਸਕਦੀ ਹੈ । ਇਹ ਕੰਮ ਗੰਢੀਆਂ ਦੀ ਥੋੜ੍ਹੇ ਫਰਕ ਨਾਲ ਬਿਜਾਈ ਕਰੋ ਅਤੇ ਹਰੀਆਂ ਹੋਈਆ ਗੰਢੀਆਂ ਨੂੰ 35-40 ਦਿਨਾਂ ਬਾਅਦ ਖੇਤ ਵਿਚ ਲਾ ਦਿਓ ।

**ਬਿਜਾਈ ਦਾ ਢੰਗ** : ਬਿਜਾਈ ਲਈ ਹਲਦੀ ਦੀਆਂ ਨਰੋਈਆਂ ਅਤੇ ਰੋਗ ਰਹਿਤ ਗੰਢੀਆਂ ਨੂੰ ਲਾਈਨਾਂ ਵਿਚ ਲਗਾਇਆ ਜਾਂਦਾ ਹੈ । ਹਲਦੀ ਦੀਆਂ ਵੱਟਾ ਉੱਪਰ ਬਿਜਾਈ ਨਾਲ ਗੰਢੀਆਂ ਦੇ ਆਕਾਰ ਵਿਚ ਵਾਧਾ ਹੁੰਦਾ ਹੈ । ਜਿੱਥੇ ਬਿਜਾਈ ਹੱਥੀਂ ਕਰਨੀ ਹੋਵੇ, ਕਤਾਰ ਤੋਂ ਕਤਾਰ 45 ਸੈਂਟੀਮੀਟਰ ਅਤੇ ਜਿੱਥੇ ਮਸ਼ੀਨ ਨਾਲ ਕਰਨੀ ਹੋਵੇ, 67.5 ਸੈਂਟੀਮੀਟਰ ਰੱਖਣਾ ਚਾਹੀਦਾ ਹੈ । ਬੂਟੇ ਤੋਂ ਬੂਟੇ ਦੀ ਦੂਰੀ 15 ਸੈਂਟੀਮੀਟਰ ਰੱਖਣੀ ਚਾਹੀਦੀ ਹੈ । ਪਹਿਲੀ ਸਿੰਚਾਈ ਤੋਂ ਬਾਅਦ ਖੇਤ ਨੂੰ 2.5 ਟਨ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਢੱਕ ਦਿਓ । ਖੇਤ ਨੂੰ ਗੰਢੀਆਂ ਹਰੀਆਂ ਹੋਣ ਤੱਕ ਗਿੱਲਾ ਰੱਖੋ ।

**ਨਿਵੇਕਲੀ ਦੂਰੀ** : ਬੇਸ਼ਕ ਹਲਦੀ ਦੀ ਕਾਸ਼ਤ ਗੰਢੀਆਂ (ਰਾਈਜ਼ੋਮ) ਤੋਂ ਕੀਤੀ ਜਾਂਦੀ ਹੈ, ਪਰ ਬੀਜ ਉਤਪਾਦਨ ਦੌਰਾਨ ਮਕੈਨੀਕਲ ਮਿਸ਼ਰਣ (ਰਲਾ) ਹੋਣ ਤੋਂ ਬਚਣ ਲਈ ਦੂਜੀਆਂ ਕਿਸਮਾਂ ਦੇ ਖੇਤਾਂ ਉਸੇ ਕਿਸਮ ਦੀ ਅਲੱਗ ਸ਼ੁੱਧਤਾ ਵਾਲੀ ਫਸਲ ਤੋਂ ਘੱਟ ਘੱਟ 3 ਮੀਟਰ ਦੀ ਦੂਰੀ ਬਣਾਈ ਰੱਖਣੀ ਚਾਹੀਦੀ ਹੈ ।

**ਖਾਦਾਂ** : ਹਲਦੀ ਦੀਆਂ ਗੰਢੀਆਂ ਬੀਜਣ ਸਮੇਂ ਕਨਸ਼ੋਰਸ਼ੀਅਮ ਜੀਵਾਣੂ ਖਾਦ 4 ਕਿਲੋ ਪ੍ਰਤੀ ਏਕੜ ਨੂੰ ਮਿੱਟੀ ਵਿਚ ਰਲਾ ਕੇ ਪਾਉਣ ਨਾਲ ਹਲਦੀ ਦਾ ਝਾੜ ਵੱਧਦਾ ਹੈ ਅਤੇ ਨਾਲ ਹੀ ਜ਼ਮੀਨ ਦੀ ਸਿਹਤ ਵਿਚ ਵੀ ਸੁਧਾਰ ਹੁੰਦਾ ਹੈ ।

ਹਲਦੀ ਲਈ ਰੂੜੀ ਦੀ ਖਾਦ ਸਭ ਤੋਂ ਵਧੀਆ ਹੈ । ਇਸ ਲਈ ਬਿਜਾਈ ਤੋਂ ਪਹਿਲਾਂ 10-12 ਟਨ ਗਲੀ-ਸੜੀ ਰੂੜੀ ਪ੍ਰਤੀ ਏਕੜ ਖਿਲਾਰ ਦੇਣੀ ਚਾਹੀਦੀ ਹੈ । ਹਲਦੀ ਨੂੰ ਨਾਈਟ੍ਰੋਜਨ ਖਾਦ ਦੀ ਖਾਸ ਜ਼ਰੂਰਤ ਨਹੀਂ, ਪਰ ਬਿਜਾਈ ਦੇ ਸਮੇਂ 10 ਕਿੱਲੋ ਪੋਟਾਸ਼ (16 ਕਿੱਲੋ ਮਿਊਰੇਟ ਆਫ ਪੋਟਾਸ਼) ਤੇ 10 ਕਿਲੋ ਫਾਸਫੋਰਸ (60 ਕਿਲੋ ਸਿੰਗਲ ਸੁਪਰਫਾਸਫੇਟ) ਪੋਰ ਦਿਓ ।

**ਸਿੰਚਾਈ** : ਹਲਦੀ ਨੂੰ ਹਰੇ ਹੋਣ (ਜੰਮਣ) ਲਈ ਕਾਫੀ ਸਮਾਂ ਚਾਹੀਦਾ ਹੈ । ਇਸ ਲਈ ਖੇਤ ਨੂੰ ਲਗਾਤਾਰ ਪਤਲਾ ਪਾਣੀ ਦਿੰਦੇ ਰਹੋ ।

**ਗੋਡੀ ਅਤੇ ਨਦੀਨਾਂ ਤੋਂ ਬਚਾਅ** : ਹਲਦੀ ਨੂੰ ਨਦੀਨਾਂ ਤੋਂ ਬਚਾਉਣ ਲਈ ਇਸ ਦੀ ਇਕ ਜਾਂ ਦੋ ਵਾਰ ਗੋਡੀ ਕਰਨੀ ਜ਼ਰੂਰੀ ਹੈ । ਨਦੀਨਾਂ ਤੇ ਕਾਬੂ ਪਾਉਣ ਲਈ ਬਿਜਾਈ ਪਿੱਛੋਂ 36 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਨੂੰ ਸਾਰੇ ਖੇਤ ਵਿਚ ਇਕਸਾਰ ਖਿਲਾਰ ਦਿਓ ।

## ਖੇਤ ਦਾ ਨਿਰੀਖਣ ਅਤੇ ਓਪਰੇ ਬੂਟੇ ਕੱਢਣਾ

ਬੀਜ ਵਾਲੀ ਫਸਲ ਦਾ ਵੱਖ-ਵੱਖ ਸਮੇਂ ਤੇ ਨਿਰੀਖਣ ਕਰਨਾ ਬਹੁਤ ਜ਼ਰੂਰ ਹੁੰਦਾ ਹੈ । ਹਲਦੀ ਦੀ ਬੀਜ ਵਾਲੀ ਫਸਲ ਵਿਚ ਹੇਠ ਲਿਖੇ ਅਨੁਸਾਰ ਘੱਟੋ-ਘੱਟ ਚਾਰ ਨਿਰੀਖਣ ਕੀਤੇ ਜਾਣੇ ਚਾਹੀਦੇ ਹਨ :

ੳ) ਬਿਜਾਈ ਦੇ ਸਮੇਂ ਪਹਿਲਾ ਨਿਰੀਖਣ ਨਿਵੇਕਲੀ ਦੂਰੀ ਬੀਜ ਵਾਲੀਆਂ ਗੰਢੀਆਂ ਦੇ ਭਾਰ, ਗੰਢੀਆਂ ਦੇ ਸੜਨ ਦੀ ਬਿਮਾਰੀ ਤੋਂ ਰਹਿਤ ਅਤੇ ਬਿਜਾਈ ਵੇਲੇ ਕਤਾਰਾਂ ਤੇ ਗੰਢੀ ਤੋਂ ਗੰਢੀ ਦੇ ਫਾਸਲੇ ਦੀ ਪੁਸ਼ਟੀ ਕਰਨ ਲਈ ਕੀਤਾ ਜਾਂਦਾ ਹੈ ।

ਅ) ਦੂਸਰਾ ਨਿਰੀਖਣ ਬਿਜਾਈ ਤੋਂ ਲੱਗਭਗ 45-50 ਦਿਨਾਂ ਬਾਅਦ ਕੀਤਾ ਜਾਂਦਾ ਹੈ, ਜਿਸ ਦੌਰਾਨ ਗੰਢੀਆਂ ਦਾ ਪੁੰਗਾਰਾ, ਗੰਢੀਆਂ ਦਾ ਸਾੜਾ ਅਤੇਤਨਾ ਛੇਦਕ (ਸ਼ੂਟ ਬੋਰਰ) ਦਾ ਹਮਲਾ ਆਦਿਕ ਘਟਨਾਵਾਂ ਦੀ ਜਾਂਚ ਕੀਤੀ ਜਾਂਦੀ ਹੈ ।

ੲ) ਤੀਸਰਾ ਨਿਰੀਖਣ ਬਿਜਾਈ ਤੋਂ ਲੱਗਭਗ 120-180 ਦਿਨਾਂ ਬਾਅਦ ਕੀਤਾ ਜਾਂਦਾ ਹੈ, ਜਿਸ ਵਿਚ ਕਿਸਮ ਦੀ ਸ਼ੁੱਧਤਾ, ਤਣਾ ਛੇਦਕ (ਸ਼ੂਟ ਬੋਰਰ) ਦਾ ਹਮਲਾ ਅਤੇ ਗੰਢੀਆਂ ਦੇ ਸਾੜੇ ਦੇ ਪੁਸ਼ਟੀ ਕੀਤੀ ਜਾਂਦੀ ਹੈ ।

ਸ) ਚੌਥਾ ਨਿਰੀਖਣ ਵਾਢੀ ਤੋਂ ਪਹਿਲਾਂ ਜਾਂ ਬਿਜਾਈ ਤੋਂ 240-250 ਦਿਨਾਂ ਬਾਅਦ ਗੰਢੀਆਂ ਦੇ ਸੜਨ, ਸਕੇਲ ਕੀੜੇ ਅਤੇ ਮੀਲੀ ਬੱਗ ਦੇ ਹਮਲੇ ਦੀ ਪੁਸ਼ਟੀ ਕਰਨ ਲਈ ਕੀਤਾ ਜਾਣਾ ਚਾਹੀਦਾ ਹੈ ।

**ਓਪਰੇ ਅਤੇ ਰੋਗੀ ਕੱਢਣਾ (ਰੋਗਿੰਗ)** : ਬੀਜ ਉਤਪਾਦਨ ਵਾਲੇ ਖੇਤ ਦੇ ਵੱਖ-ਵੱਖ ਸਮੇਂ ਤੇ ਨਿਰੀਖਣ ਦੌਰਾਨ ਸਾਰੇ ਓਪਰੇ ਅਤੇ ਅਲੱਗ ਕਿਸਮ ਦੇ ਬੂਟੇ ਅਤੇ ਰੋਗੀ ਪੌਦਿਆਂ ਨੂੰ ਉਹਨਾਂ ਦੀਆਂ ਗੰਢੀਆਂ ਸਮੇਤ ਬਾਹਰ ਕੱਢ ਕੇ ਨਸ਼ਟ ਕਰ ਦਿਓ ਤਾਂ ਜੋ ਬੀਜ ਨਿਰੋਗੀ ਅਤੇ ਪੂਰੀ ਸ਼ੁੱਧਤਾ ਵਾਲਾ ਪੈਦਾ ਹੋਵੇ ।

**ਪੁਟਾਈ ਅਤੇ ਸਾਂਭ-ਸੰਭਾਲ** : ਜਦੋਂ ਹਲਦੀ ਦੇ ਪੱਤੇ ਪੀਲੇ ਹੋ ਕੇ ਸੁੱਕ ਜਾਣ ਤਾਂ ਸਮਝੋ ਕਿ ਇਹ ਪੁਟਾਈ ਲਈ ਤਿਆਰ ਹੈ । ਇਹ ਆਮ ਤੌਰ ਤੇ ਨਵੰਬਰ-ਦਸੰਬਰ ਵਿਚ ਤਿਆਰ ਹੋ ਜਾਂਦੀ ਹੈ । ਪੁਟਾਈ ਤੋਂ ਬਾਅਦ ਗੰਢੀਆਂ ਤੋਂ ਜੜ੍ਹਾ ਅਤੇ ਮਿੱਟੀ ਸਾਫ ਕਰ ਦੇਵੋ ।

ਅਗਲੀ ਫਸਲ ਲਈ ਬੀਜ ਠੰਢੀ ਅਤੇ ਖੁਸ਼ਕ ਜਗ੍ਹਾ ਤੇ ਸੰਭਾਲ ਕੇਰੱਖਣਾ ਚਾਹੀਦਾ ਹੈ । ਚੰਗਾ ਹੋਵੇ ਜੇ ਇਸ ਨੂੰ ਕੋਲਡ ਸਟੋਰ ਵਿਚ ਰੱਖਿਆ ਜਾ ਸਕੇ । ਦੂਸਰਾ ਢੰਗ ਇਹ ਹੈ ਕਿ ਬੀਜ ਵਾਲੀ ਫਸਲ ਦੀ ਸਰਦ ਰੁੱਤ ਵਿਚ ਠੰਢ ਦੇ ਅਖੀਰ ਤੱਕ ਪੁਟਾਈ ਨਾ ਕੀਤੀ ਜਾਵੇ, ਪਰ ਅਜਿਹੇ ਹਾਲਤਾਂ ਵਿਚ ਖੇਤ ਦੀ ਸਿੰਚਾਈ ਬਿਲਕੁਲ ਨਹੀਂ ਕਰਨੀ ਚਾਹੀਦੀ ।

## ਪ੍ਰੋਸੈਸਿੰਗ ਅਤੇ ਮੁੱਲ ਵਾਧਾ

ਹਲਦੀ ਦੀ ਪ੍ਰੋਸੈਸਿੰਗ ਵਿਚ ਕਈ ਪੜਾਅ ਸ਼ਾਮਲ ਹੁੰਦੇ ਹਨ ਜਿਨ੍ਹਾਂ ਵਿਚ ਇਸਨੂੰ ਖਪਤ, ਸਟੋਰੇਜ ਅਤੇ ਵੱਖ-ਵੱਖ ਉਤਪਾਦਾਂ ਵਿਚ ਵਰਤੋਂ ਲਈ ਤਿਆਰ ਕੀਤਾ ਜਾਂਦਾ ਹੈ । ਇਸਨੂੰ ਏਸ਼ੀਆਈ ਅਤੇ ਮੱਧ ਪੂਰਬੀ ਦੇਸ਼ਾਂ ਵਿਚ ਸੁਕਾ ਅਤੇ ਪੀਸ ਕੇ ਪਾਊਡਰ ਦੇ ਰੂਪ ਵਿਚ ਇਕ ਮਸਾਲੇ ਅਤੇ ਭੋਜਨ ਰੱਖਿਅਕ ਵਜੋਂ ਵਰਤਿਆ ਜਾਂਦਾ ਹੈ । ਦੱਖਣ-ਪੂਰਬੀ ਏਸ਼ੀਆ ਵਿਚ ਇਸਨੂੰ ਇਕ ਮਹੱਤਵਪੂਰਨ ਮਸਾਲੇ, ਭੋਜਨ ਰੱਖਿਅਕ ਅਤੇ ਖਾਣੇ ਨੂੰ ਆਕਰਸ਼ਕ ਰੰਗ ਦੇਣ ਤੋਂ ਇਲਾਵਾ ਸਰੀਰ ਨੂੰ ਤੰਦਰੁਸਤ ਰੱਖਣ ਲਈ ਵਰਤਿਆ ਜਾਂਦਾ ਹੈ ।

ਹਲਦੀ ਦੇ ਜਲਣ ਅਤੇ ਸੋਜਿਸ਼ ਪੈਦਾ ਕਰਨ ਵਾਲੇ ਗੁਣਾਂ ਕਾਰਨ ਇਸ ਦੀਆਂ ਤਾਜ਼ਾ ਗੰਢੀਆਂ ਤੋਂ ਪ੍ਰੋਸੈਸਡ ਭੋਜਨ ਉਤਪਾਦਾਂ ਨੂੰ ਵਿਕਸਤ ਕਰਨ ਦੇ ਬਹੁਤ ਹੀ ਸੀਮਤ ਮੌਕੇ ਹਨ । ਇਸੇ ਨਤੀਜੇ ਵਜੋਂ ਬਜ਼ਾਰ ਵਿਚ ਹਲਦੀ ਵਾਲਾ ਮਿੱਠਾ ਦੁੱਧ, ਸ਼ਰਬਤ, ਅਚਾਰ ਅਤੇ ਸਿਹਤਵਰਧਕ ਕੁਝ ਕੁ ਉਤਪਾਦ ਹੀ ਉਪਲਬਧ ਹਨ । ਹਲਦੀ ਅਧਾਰਤ ਉਤਪਾਦਾਂ ਦੇ ਸਫਲ ਪਸਾਰ ਲਈ ਢੁੱਕਵੀਆਂ ਪ੍ਰੋਸੈਸਿੰਗ ਇਕਾਈਆਂ ਅਤੇ ਹਲਦੀ ਦੀਆਂ ਗੰਢੀਆਂ ਦੀ ਵਰਤੋਂ ਤੋਂ ਪਹਿਲਾਂ ਸੋਧ ਆਦਿ ਸਹੀ ਹੱਲ ਹਨ । ਮਿੱਠੇ ਵਿਚ ਭੋਜਨ ਪਦਾਰਥਾਂ ਦੀ ਸੰਭਾਲ (ਕੈਂਡੀਇੰਗ) ਇਕ ਪ੍ਰਾਚੀਨ ਭੋਜਨ ਸੰਭਾਲ ਵਿਧੀ ਹੈ ਜਿਸ ਦੁਆਰਾ ਫਲਾਂ ਅਤੇ ਹੋਰ ਫਸਲਾਂ ਨੂੰ ਕੈਂਡੀ ਮਿੱਠੀਆਂ ਗੋਲੀਆਂ (ਟੌਫੀਆਂ) ਅਤੇ ਜੈਲੀ ਵਰਗੀਆਂ ਮਿਠਾਈਆਂ ਵਿਚ ਬਦਲ ਦਿੰਦੀ ਹੈ ਜਿਸ ਵਿਚ ਕੁਦਰਤੀ ਤੌਰ ਤੇ ਫਲਾਂ ਦੀ ਆਪਣੀ ਮਿਠਾਸ ਜਾਂ ਬਾਹਰ ਤੋਂ ਖੰਡ ਆਦਿਕ ਦੀ ਮਿਠਾਸ ਦੀ ਵਰਤੋਂ ਕੀਤੀ ਜਾਂਦੀ ਹੈ ।

ਕੋਵਿਡ-19 ਵਰਗੇ ਆਲਮੀ ਪ੍ਰਕੋਪਾਂ ਅਤੇ ਹੋਰ ਵਾਇਰਲ ਬਿਮਾਰੀਆਂ ਤੋਂ ਬਚਾਅ ਲਈ ਰੋਜ਼ਾਨਾ ਖਾਣ ਯੋਗ ਭੋਜਨ ਵਰਗੇ ਪਦਾਰਥ ਵਿਕਸਿਤ ਕਰਨ ਅਤੇ ਉਹਨਾਂ ਦੇ ਮੁਲਾਂਕਣ ਕਰਨ ਦੀ ਜ਼ਰੂਰਤ ਹੈ ਤਾਂ ਜੋ ਆਮ ਲੋਕ ਅਜਿਹੀਆਂ ਬਿਮਾਰੀਆਂ ਤੋਂ ਬਚ ਸਕਣ । ਹਲਦੀ/ਕਰਕਿਊਮਨ ਤੋਂ ਬਣੇ ਭੋਜਨ ਪਦਾਰਥ ਇਸ ਤਰ੍ਹਾਂ ਦੇ ਸਿਹਤ ਵਿਗਾੜਾਂ ਤੋਂ ਬਚਾਅ ਕਰਨ ਲਈ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ, ਇਸ ਲਈ ਅਜਿਹੇ ਭੋਜਨ ਪਦਾਰਥ ਵਿਕਸਿਤ ਕਰਨੇ ਬਹੁਤ ਜ਼ਰੂਰੀ ਹਨ । ਹਲਦੀ ਤੋਂ ਮੁੱਲ ਵਾਧੇ ਵਾਲੇ ਉਤਪਾਦਾਂ ਦੇ ਸੁਧਾਰ ਲਈ ਕਈ ਖੋਜਾਂ ਨਿਰੰਤਰ ਚਲ ਰਹੀਆਂ ਹਨ ਅਤੇ ਇਸ ਵਿਚ ਕਾਫੀ ਸਫਲਤਾ ਵੀ ਹਾਸਿਲ ਹੋਈ ਹੈ । ਹਲਦੀ ਤੋਂ ਪੀਣ ਵਾਲੇ ਪਦਾਰਥ ਜਿਵੇਂ ਕਿ ਸੂਪ, ਆਰ ਟੀ ਐਸ, ਹਲਦੀ-ਦੁੱਧ, ਉਡਣਸ਼ੀਲ ਤੇਲ, ਰੰਗਾਂ ਦੇ ਮਿਸ਼ਰਣ ਆਦਿ ਮੁੱਲ-ਵਾਧੇ ਵਾਲੇ ਉਤਪਾਦ ਤਿਆਰ ਕੀਤੇ ਜਾ ਸਕਦੇ ਹਨ ।

ਹਲਦੀ ਦੀਆਂ ਗੰਢੀਆਂ (ਰਾਈਜ਼ੋਮ) ਤੋਂ ਹੇਠ ਲਿਖੇ ਉਤਪਾਦ ਤਿਆਰ ਕੀਤੇ ਜਾ ਸਕਦੇ ਹਨ :

### ਹਲਦੀ ਪਾਊਡਰ

ਹਲਦੀ ਤੋਂ ਇਹ ਉਤਪਾਦ ਪੁਰਾਣੇ ਸਮਿਆਂ ਤੋਂ ਤਿਆਰ ਕੀਤਾ ਜਾਂਦਾ ਰਿਹਾ ਹੈ । ਹਲਦੀ ਪਾਊਡਰ ਤਿਆਰ ਕਰਨ ਲਈ ਹੇਠ ਲਿਖੀ ਵਿਧੀ ਵਰਤੀ ਜਾਂਦੀ ਹੈ :

ਸਾਫ ਗੰਢੀਆਂ ਨੂੰ ਤੰਗ ਮੂੰਹ ਵਾਲੇ ਬਰਤਨ ਵਿਚ ਪਾਓ ਅਤੇ ਫਿਰ ਇਸ ਵਿਚ ਇੰਨਾ ਪਾਣੀ ਪਾਓ ਕਿ ਗੰਢੀਆਂ ਚੰਗੀ ਤਰ੍ਹਾਂ ਡੁੱਬ ਜਾਣ । ਗੰਢੀਆਂ ਨੂੰ ਨਰਮ ਕਰਨ ਅਤੇ ਕੱਚੀ ਗੰਧ ਨੂੰ ਖਤਮ ਕਰਨ ਲਈ ਉਬਾਲਿਆ ਜਾਂਦਾ ਹੈ ਇਸ ਲਈ ਇਨ੍ਹਾਂ ਗੰਢੀਆਂ ਨੂੰ ਲਗਾਤਾਰ ਇਕ ਘੰਟੇ ਲਈ ਉਬਾਲੋ ਤਾਂ ਕਿ ਇਹ ਨਰਮ ਹੋ ਜਾਣ । ਜੇ ਇਨ੍ਹਾਂ ਨੂੰ ਪੰਦਰਾਂ ਪੌਂਡ ਪ੍ਰਤੀ ਵਰਗ ਇੰਚ ਦੇ ਦਬਾਅ ਹੇਠ ਉਬਾਲਿਆ ਜਾਏ ਤਾਂ ਸਿਰਫ ਵੀਹ ਮਿੰਟ ਤੱਕ ਉਬਾਲਣਾ ਹੀ ਕਾਫੀ ਹੈ । ਇਹ ਪ੍ਰਕਿਰਿਆ ਸਟਾਰਚ ਨੂੰ ਜੈਲੇਟਿਨਾਈਜ਼ ਕਰਨ ਅਤੇ ਗੰਢੀਆਂ ਨੂੰ ਸੁਕਾਉਣ ਵਿਚ ਮਦਦ ਕਰਦੀ ਹੈ । ਉਬਲੀਆਂ ਹੋਈਆਂ ਗੰਢੀਆਂ ਨੂੰ ਧੁੱਪੇ ਸੁਕਾ ਲਓ ਜਾਂ ਇਸ ਕੰਮ ਲਈ ਡ੍ਰਾਇਅਰ ਦੀ ਮਦਦ ਵੀ ਲਈ ਜਾ ਸਕਦੀ ਹੈ ।

ਗੰਢੀਆਂ ਵਿਚਲੀ ਨਮੀਂ ਨੂੰ ਘਟਾਉਣ ਅਤੇ ਉੱਲੀ ਦੇ ਵਾਧੇ ਨੂੰ ਰੋਕਣ ਲਈ ਸਹੀ ਸੁਕਾਉਣਾ ਬਹੁਤ ਜ਼ਰੂਰੀ ਹੈ, ਇਸ ਲਈ ਗੰਢੀਆਂ ਨੂੰ ਸਖਤ ਅਤੇ ਭੁਰਭੁਰਾ ਹੋਣ ਤੱਕ ਸੁਕਾਇਆ ਜਾਂਦਾ ਹੈ । ਇਸ ਤੋਂ ਬਾਅਦ ਗੰਢੀਆਂ ਨੂੰ ਕਿਸੇ ਸਖਤ ਥਾਂ ਤੇ ਰਗੜ ਦੇ ਲਿਸ਼ਕਾਇਆ ਜਾ ਸਕਦਾ ਹੈ । ਜੇ ਇਹ ਕੰਮ ਵਪਾਰਕ ਪੱਧਰ ਤੇ ਕਰਨਾ ਹੋਵੇ ਤਾਂ ਇਸ ਕੰਮ ਲਈ ਬਣੇ ਢੋਲ ਹੀ ਵਰਤਣੇ ਚਾਹੀਦੇ ਹਨ । ਇਸ ਉਪਰੰਤ ਉਬਾਲ ਕੇ ਸੁਕਾਈਆਂ ਗੰਢੀਆਂ ਨੂੰ ਪੀਸ ਕੇ ਹਲਦੀ ਤਿਆਰ ਕੀਤੀ ਜਾਂਦੀ ਹੈ ।

ਚਾਹੇ ਹਲਦੀ ਦੀਆਂ ਗੰਢੀਆਂ ਸਾਂਭਣੀਆਂ ਹੋਣ ਜਾਂ ਹਲਦੀ ਪਾਊਡਰ,

**ਬਾਕੀ ਸਫਾ 6 'ਤੇ**

# ਕਿਸਾਨ ਭਰਾਵਾਂ ਲਈ ਖੇਤੀ ਰੁਝੇਵੇਂ

**ਕਣਕ** : ਇਸ ਮਹੀਨੇ ਦੀ 10 ਤਰੀਕ ਤੱਕ, 5 ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ ਪਾਣੀ ਲਾ ਦਿਓ। ਬੱਦਲਵਾਈ, ਹਵਾ ਅਤੇ ਹਨ੍ਹੇਰੀ ਵਾਲੇ ਦਿਨ ਪਾਣੀ ਨਾ



ਲਾਓ। ਦਾਣੇ ਭਰਨ ਸਮੇਂ ਵੱਧ ਤਾਪਮਾਨ ਤੋਂ ਬਚਾਉਣ ਲਈ ਅਤੇ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) (4 ਕਿਲੋਗਰਾਮ ਪੋਟਾਸ਼ੀਅਮ ਨਾਈਟ੍ਰੇਟ ਨੂੰ 200 ਲਿਟਰ ਪਾਣੀ ਵਿਚ) ਪਹਿਲਾ ਸਪਰੇਅ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜਾ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਐਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਬੂਰ ਪੈਣ ਸਮੇਂ ਕਰੋ ਜਾਂ 15 ਗਰਾਮ ਸੈਲੀਸਿਲਕ ਐਸਿਡ ਨੂੰ 450 ਮਿਲੀਲਿਟਰ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰੋ । ਜਦੋਂ ਚੇਪੇ ਦਾ ਹਮਲਾ 5 ਚੇਪੇ ਪ੍ਰਤੀ ਸਿੱਟਾ ਪਹੁੰਚ ਜਾਵੇ ਤਾਂ ਇਨ੍ਹਾਂ ਦੀ ਰੋਕਥਾਮ ਲਈ 2 ਲਿਟਰ ਘਰ ਬਣਾਏ ਨਿੰਮ ਦੇ ਘੋਲ ਦੇ ਹਫਤੇ-ਹਫਤੇ ਦੇ ਵਕਫੇ ਤੇ 2 ਛਿੜਕਾਅ ਜਾਂ 20 ਗ੍ਰਾਮ ਐਕਟਾਰਾ/ਤਾਇਓ 25 ਤਾਕਤ(ਥਾਇਆ ਮਿਥਾਕਸਮ) ਦਾ ਛਿੜਕਾਅ 80-100 ਲਿਟਰ ਪਾਣੀ ਵਿਚ ਘੋਲ ਕੇ ਕਰੋ ।

**ਸੱਠੀਆਂ ਦਾਲਾਂ** : ਸੱਠੀ ਮੂੰਗੀ ਅਤੇ ਸੱਠੇ ਮਾਂਹ ਇਸ ਮਹੀਨੇ ਦੇ ਪਹਿਲੇ ਹਫਤੇ ਤੱਕ ਬੀਜ ਦਿਓ ।

**ਕਪਾਹ** : ਅਪ੍ਰੈਲ ਦੇ ਮਹੀਨੇ ਵਿਚ ਕਪਾਹ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ



ਜਾਂ ਦੋਗਲੀਆਂ ਕਿਸਮਾਂ ਜਾਂ ਬੀ ਟੀ ਨਰਮੇਂ ਦੀ ਬਿਜਾਈ ਸ਼ੁਰੂ ਕਰ ਦਿਉ । ਕਪਾਹ-ਨਰਮੇਂ ਦੀ ਫਸਲ ਵਿਚ ਨਾਗੇ ਭਰਨ ਲਈ ਲਿਫਾਫਿਆਂ ਵਿਚ ਬੀਜ ਲਗਾਓ । ਉਹ ਖੇਤ ਜਿਨ੍ਹਾਂ ਤੇ ਕਾਫੀ ਦੇਰ ਤੋਂ ਝੋਨੇ ਦੀ ਕਾਸ਼ਤ ਹੋ ਰਹੀ ਹੋਵੇ ਉੱਥੇ ਬੀਜਣ ਤੋਂ ਪਹਿਲਾਂ ਖੇਤ ਨੂੰ ਡੂੰਘਾ ਵਾਹੁਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਨਰਮੇਂ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਜਾਂਦੀਆਂ ਅਤੇ ਕਈ ਵਾਰ ਇਸ ਫਸਲ ਦੇ ਬੂਟੇ ਪਾਣੀ ਲੱਗਣ ਤੋਂ ਬਾਅਦ ਮੁਰਝਾ ਜਾਂਦੇ ਹਨ। ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ। ਪੱਤਾ ਮਰੋੜ ਬਿਮਾਰੀ ਦੇ ਹਮਲੇ ਨੂੰ ਘੱਟ ਕਰਨ ਲਈ ਨਰਮੇਂ ਨੂੰ ਨਿੰਬੂ ਜਾਤੀ ਤੇ ਬਾਗਾਂ ਕੋਲ ਜਾਂ ਭਿੰਡੀ ਦੇ ਖੇਤਾਂ ਕੋਲ ਨਾ ਬੀਜੋ ।

**ਕਮਾਦ** : ਸਿਫਾਰਸ਼ ਕੀਤੀਆਂ ਕਿਸਮਾਂ ਸੀ ਓ ਪੀ ਬੀ-96, ਸੀ ਓ ਪੀ ਬੀ-95, ਸੀ ਓ ਪੀ ਬੀ-92, ਸੀ ਓ-15023, ਸੀ ਓ-118, ਸੀ ਓ ਜੇ-85, ਸੀ ਓ ਜੇ-64 (ਅਗੇਤੀਆਂ ਕਿਸਮਾਂ) ਸੀ ਓ ਪੀ ਬੀ-98, ਸੀ ਓ ਪੀ ਬੀ-94, ਸੀ ਓ ਪੀ ਬੀ-93, ਸੀ ਓ ਪੀ ਬੀ-91, ਸੀ ਓ-238 ਅਤੇ ਸੀ ਓ ਜੇ-88 (ਦਰਮਿਆਨੀਆਂ ਅਤੇ ਪਿਛੇਤੀਆਂ ਪੱਕਣ ਵਾਲੀਆਂ) ਕਿਸਮਾਂ ਵਰਤੋ। ਮੌਸਮੀ ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ 50 ਡਬਲਯੂ ਪੀ (ਐਟਰਾਜ਼ੀਨ) ਜਾਂ ਸੈਨਕੋਰ 70 ਡਬਲਯੂ ਪੀ (ਮੈਟਰੀਬਿਊਜ਼ਿਨ) ਜਾਂ ਕਲਾਸ 80 ਘੁਲਣਸ਼ੀਲ (ਡਾਈਯੂਰਾਨ) 800 ਗ੍ਰਾਮ ਪ੍ਰਤੀ ਏਕੜ ਜਾਂ 1000 ਗ੍ਰਾਮ ਪ੍ਰਤੀ ਏਕੜ ਅਥਾਰਟੀ ਨੈਕਸਟ 58 ਡਬਲਯੂ ਪੀ (ਸਲਫੈਂਟਰਾਜ਼ੋਨ + ਕਲੋਮਾਜ਼ੋਨ) ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਕਮਾਦ ਦੀ ਫਸਲ ਬੀਜਣ ਤੋਂ 2-3 ਦਿਨਾਂ ਦੇ ਅੰਤਰ ਛਿੜਕੋ ।

**ਸੂਰਜਮੁਖੀ** : ਸੂਰਜਮੁੱਖੀ ਦੀ ਫਸਲ ਨੂੰ ਦੋ ਹਫਤੇ ਤੇ ਲੋੜ ਅਨੁਸਾਰ ਪਾਣੀ ਦਿਓ ।

**ਚਾਰੇ** : ਅਗੇਤੇ ਚਾਰੇ ਦੀ ਬਿਜਾਈ ਲਈ ਇਹ ਢੁੱਕਵਾਂ ਸਮਾਂ ਹੈ । ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕੁਆਲਿਟੀ ਦਾ ਹਰਾ ਚਾਰਾ ਦਿੰਦੇ ਹਨ । ਚਾਰੇ ਦੀ ਕਮੀ ਵਾਲੇ ਦਿਨਾਂ ਲਈ ਬਰਸੀਮ ਅਤੇ ਜਵੀ ਨੂੰ ਸੰਭਾਲ ਲਵੋ । ਬੀਜ ਲਈ ਰੱਖੇ ਬਰਸੀਮ ਦੇ ਖੇਤ ਵਿੱਚੋਂ ਕਾਸ਼ਨੀ ਨਦੀਨ ਪੁੱਟ ਦਿਓ ।

**ਸਬਜ਼ੀਆਂ** : ਇਹ ਸਮਾਂ ਖਰਬੂਜ਼ਾ, ਹਦਵਾਣਾ, ਕੱਦੂ ਅਤੇ ਹਲਵਾ ਕੱਦੂ ਦੀ ਨਰਸਰੀ ਨੂੰ ਪਹਿਲਾਂ ਤਿਆਰ ਖੇਤ ਵਿਚ ਲਗਾਉਣ ਲਈ ਢੁੱਕਵਾਂ ਹੈ। ਬੀਜਣ ਤੋਂ ਪਹਿਲਾਂ ਪਲਾਸਟਿਕ ਦੇ ਲਿਫਾਫੇ ਉਤਾਰ ਲਓ। ਘੀਆ ਕੱਦੂ ਦੀਆਂ ਪੰਜਾਬ ਬਰਕਤ, ਪੰਜਾਬ ਕੋਮਲ ਅਤੇ ਪੰਜਾਬ ਬਹਾਰ, ਚੱਪਣ ਕੱਦੂ ਦੀ ਚੱਪਣ ਕੱਦੂ ਨੰਬਰ 1, ਖਰਬੂਜ਼ੇ ਦੀਆਂ ਐਮ ਐਚ-27, ਐਮ ਐਚ-51, ਪੰਜਾਬ ਸਰਦਾ ਅਤੇ ਹਰਾ ਮਧੂ, ਹਦਵਾਣੇ ਦੀ ਪੰਜਾਬ ਨਿਖਾਰ ਹਲਵਾ ਕੱਦੂ ਦੀਆਂ ਪੀ ਪੀ ਐਚ-1, ਪੰਜਾਬ ਨਵਾਬ ਅਤੇ ਪੰਜਾਬ ਮਰਗ਼ ਕੱਦੂ-1, ਖੀਰੇ ਦੀ ਪੰਜਾਬ ਨਵੀਨ ਕਿਸਮ ਢੁੱਕਵੀਂ ਹੈ। ਸਬਜ਼ੀਆਂ ਦੀ ਸਿੰਚਾਈ ਲੋੜ ਅਨੁਸਾਰ ਕਰੋ ।

**ਬਾਗਬਾਨੀ** : ਬੇਰ, ਨਿੰਬੂ ਜਾਤੀ ਅਤੇ ਅਲੂਚੇ ਦੇ ਬਾਗਾਂ ਨੂੰ ਹਲਕਾ ਪਾਣੀ ਲਗਾਉ ਅਤੇ ਸਿਫਾਰਿਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਪਾਓ । ਵੱਖ-ਵੱਖ ਫਲਦਾਰ ਬੂਟਿਆਂ ਨੂੰ ਲੱਗਣ ਵਾਲੇ ਰਸ ਚੂਸਣ ਵਾਲੇ ਕੀੜਿਆਂ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਸਿਫਾਰਿਸ਼ਾਂ ਮੁਤਾਬਿਕ ਛਿੜਕਾਅ ਕਰੋ। ਨਿੰਬੂਜਾਤੀ ਦੇ ਬੂਟਿਆਂ ਦਾ ਸਿੱਟਰਸਸਿੱਲਾ ਦੀ ਰੋਕਥਾਮ ਲਈ 200 ਮਿਲੀਲਿਟਰ ਕੋਰੋਕੋਡਾਈਲ / ਕੰਨਫੀਡੋਰ ਜਾਂ 160 ਗ੍ਰਾਮ ਐਕਟਾਰਾ / ਦੋਤਾਰਾ (ਥਾਇਆਮੈਥੋਕਸਮ) ਜਾਂ 6.25 ਲਿਟਰ ਮੈਕ ਐਚ. ਐਮ. ਓ. (ਹਾਰਟੀ-ਕਲਚਰ ਮਿਨਰਲਆਇਲ) ਨੂੰ 500 ਲਿਟਰ ਪਾਣੀ ਵਿਚ ਘੋਲ ਕੇ ਫੁੱਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

★ ਸਦਾਬਹਾਰ ਕਿਸਮਾਂ ਦੇ ਬੂਟਿਆਂ ਦੀ ਲਵਾਈ ਸ਼ੁਰੂ ਕਰ ਲਵੋ। ਨਿੰਬੂ ਜਾਤੀ ਵਿਚ ਗੂੰਦੀਆਂ (ਪੈਰ ਗਲਣਾ/ਹੇਠਾਂ ਤੋਂ ਤਣੇ ਦਾ ਗਲਣਾ) ਰੋਗ ਨੂੰ ਰੋਕਣ ਲਈ 25 ਗ੍ਰਾਮ ਕਰਜ਼ੇਟ ਐਮ-8 ਨੂੰ 10 ਲਿਟਰ ਪਾਣੀ ਪ੍ਰਤੀ ਬੂਟੇ ਦੇ ਹਿਸਾਬ ਨਾਲ ਬੂਟਿਆਂ ਦੇ ਆਲੇ-ਦੁਆਲੇ ਗੜੁੱਚ ਕਰੋ । ਇਸ ਤੋਂ ਇਲਾਵਾ ਇਸਦੀ ਰੋਕਥਾਮ ਲਈ ਸੋਡੀਅਮ ਹਾਈਪੋਕਲੋਰਾਈਟ (5%) 50 ਮਿ.ਲਿ. ਨੂੰ 10 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਬੂਟੇ ਦੇ ਹਿਸਾਬ ਨਾਲ ਮੁੱਢਾਂ ਅਤੇ ਛੱਤਰੀ ਹੇਠ ਛਿੜਕਿਆ ਜਾ ਸਕਦਾ ਹੈ ।

★ ਅੰਬਾਂ ਵਿੱਚ ਚਿੱਟੋਂ ਦੀ ਰੋਕਥਾਮ



ਲਈ ਇਸ ਮਹੀਨੇ ਕੈਰਾਥੇਨ 1.0 ਗ੍ਰਾਮ ਘੁਲਣਸ਼ੀਲ ਜਾਂ ਗੰਧਕ 2.5 ਗ੍ਰਾਮ ਜਾਂ 1.0 ਮਿ. ਲੀ. ਕੰਟਾਫ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਫੁੱਲ ਨਿਕਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਅਤੇ ਬਾਅਦ ਵਿਚ ਫੁੱਲ-ਪੱਤੀਆਂ ਝੜਨ ਤੱਕ 10 ਦਿਨਾਂ ਦੇ ਵਕਫੇ ਤੇ ਛਿੜਕਾਅ ਕਰੋ ।

★ ਅੰਬਾਂ ਵਿਚ ਛੜੱਪਾ ਮਾਰ ਤੇਲੇ ਦੀ ਰੋਕਥਾਮ ਲਈ 200 ਮਿਲੀਲਿਟਰ ਕੋਨਫੀਡੋਰ 17.8 ਐੱਸ. ਐੱਲ. (ਈਮਿਡਾਕਲੋਪਰਿਡ) ਨੂੰ 500 ਲਿਟਰ ਪਾਣੀ ਵਿਚ ਘੋਲ ਨਵਾਂ ਫਲ ਆਉਣ ਤੋਂ ਪਹਿਲਾਂ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ ।

**ਪਸ਼ੂ ਪਾਲਣ** : ਪਸ਼ੂਆਂ ਦੀ ਉਤਪਾਦਨ ਸ਼ਮਤਾ ਸਹੀ ਰੱਖਣ ਲਈ ਉਨ੍ਹਾਂ ਨੂੰ ਵਾਤਾਵਰਣ ਦੇ ਦਬਾਓ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ। ਇਸ ਲਈ ਖੁੱਲ੍ਹੇ, ਹਵਾਦਾਰ ਅਤੇ ਅਰਾਮਦੇਹ ਸ਼ੈਡ ਹੋਣੇ ਚਾਹੀਦੇ ਹਨ । ਚਿੱਚੜਾਂ ਤੋਂ ਬਚਾਉਣ ਲਈ ਸ਼ੈਡ ਅੰਦਰ (ਦੀਵਾਰਾਂ ਅਤੇ ਫਰਸ਼) ਉੱਤੇ, ਵੈਟਰਨਰੀ ਡਾਕਟਰ ਦੀ ਸਲਾਹ ਮੁਤਾਬਕ ਸਪਰੇਅ ਕਰੋ ਅਤੇ ਇਸ ਨੂੰ ਦੋ ਹਫਤੇ ਬਾਅਦ ਦੁਬਾਰਾ ਕਰੋ। ਲੇਵੇ ਦੀਆਂ ਬਿਮਾਰੀਆਂ ਤੋਂ ਬਚਾਉ ਲਈ ਲੇਵੇ ਨੂੰ ਸਾਫ ਅਤੇ ਸੁੱਕਾ ਰੱਖੋ। ਚੁਆਈ ਤੋਂ ਬਾਅਦ ਥਣਾਂ ਨੂੰ ਗਲੀਸਰਿਨ ਅਤੇ ਆਇਓਡੀਨ ਦੇ ਘੋਲ 1:4 ਦੇ ਅਨੁਪਾਤ ਵਿਚ ਡੋਬਾ ਜ਼ਰੂਰ ਦਿਓ ਤਾਂ ਜੋ ਕੀਟਾਣੂੰ ਥਣਾ ਅੰਦਰ ਨਾ ਜਾ ਸਕਣ। ਪਸ਼ੂਆਂ ਨੂੰ ਰੋਜ਼ਾਨਾ ਖੁਰਾਕ ਵਿਚ 40-50 ਗ੍ਰਾਮ ਧਾਤਾਂ ਦਾ ਚੂਰਾ (ਮਿਨਰਲਮਿਕਸਚਰ) ਜ਼ਰੂਰ ਦਿਓ। ਇਹ ਧਾਤਾਂ ਦਾ ਚੂਰਾ ਵੰਡ ਵਿਚ ਮਿਲਾ ਕੇ ਵੀ ਦਿੱਤਾ ਜਾ ਸਕਦਾ ਹੈ। ਮਿਨਰਲ ਨਾਲ ਪਸ਼ੂਆਂ ਦੀ ਰੋਗ ਪ੍ਰਤੀਰੋਧਕ ਸ਼ਮਤਾ ਵੱਧਦੀ ਹੈ ਅਤੇ ਦੁੱਧ ਵੀ ਜ਼ਿਆਦਾ ਪੈਦਾ ਹੁੰਦਾ ਹੈ। ਇਸ ਵਿਚ ਮੌਜੂਦ ਵੱਡੇ ਤੱਤ ਜਿਵੇਂ ਕੈਲਸ਼ੀਅਮ, ਫਾਸਫੋਰਸ ਆਦਿ ਅਤੇ ਲਘੂ ਤੱਤ ਜਿਵੇਂ ਤਾਂਬਾ, ਕੋਬਾਲਟ ਆਦਿ ਪਸ਼ੂ ਦੀ ਸਿਹਤ ਬਰਕਰਾਰ ਰੱਖਦੇ ਹਨ ।


## ਖੇਤੀ ਦੁਨੀਆਂ

ਵੱਲੋਂ

## ਮੌਜੂਦਾ ਗ੍ਰਾਹਕਾਂ ਲਈ ਚੰਦਾ ਰਿਨਿਊ ਕਰਵਾਉਣ 'ਤੇ

## ਵਿਸ਼ੇਸ਼ ਛੂਟ

ਇੱਕ ਸਾਲ 250/- ਰੁਪਏ*

ਦੋ ਸਾਲ 500/- ਰੁਪਏ*

**ਨੋਟ :**

1. ਇਹ ਸਕੀਮ ਸਿਰਫ ਮੌਜੂਦਾ ਗ੍ਰਾਹਕਾਂ ਲਈ ਚੰਦਾ ਸਿੱਧਾ ਬੈਂਕ ਰਾਹੀਂ ਭੇਜਣ 'ਤੇ ਹੈ।
2. ਇਸ ਸਕੀਮ ਤਹਿਤ ਕਿਸੇ ਵੀ ਤਰ੍ਹਾਂ ਦਾ ਕੋਈ ਗਿਫਟ ਨਹੀਂ ਦਿੱਤਾ ਜਾਵੇਗਾ।
3. ਇਹ ਸਕੀਮ 30 ਅਪ੍ਰੈਲ 2025 ਤੱਕ ਲਾਗੂ ਰਹੇਗੀ।

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 14
ਮਿਤੀ 05-04-2025

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


### ਗੰਢੀਆਂ ਰਾਹੀਂ ਸਾਉਣੀ ਦੇ

# ਪਿਆਜ਼ ਲਾਈਏ ਵੱਧ ਮੁਨਾਫਾ ਕਮਾਈਏ


**ਪਰਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਸੰਧੂ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ**
**ਮੋਬਾਈਲ : 81463-22553**


ਸਾਉਣੀ ਦੇ ਪਿਆਜ਼ਾਂ ਦੀ ਪਨੀਰੀ ਬੀਜਣ ਦਾ ਸਭ ਤੋਂ ਢੁੱਕਵਾਂ ਸਮਾਂ ਜੂਨ ਦਾ ਅੱਧ ਹੈ ਪ੍ਰੰਤੂ ਵਧੇਰੇ ਤਾਪਮਾਨ ਹੋਣ ਕਾਰਨ ਜੂਨ ਵਿਚ ਬੀਜੀ ਪਨੀਰੀ ਦੀ ਨਾਕਾਮਯਾਬੀ ਤੋਂ ਬਚਣ ਲਈ ਸਾਉਣੀ ਰੁੱਤ ਦੀ ਫਸਲ ਗੰਢੀਆਂ (ਬਲਬ ਸੈੱਟ) ਲਾ ਕੇ ਪੈਦਾ ਕਰਨੀ ਜ਼ਿਆਦਾ



ਲਾਹੇਵੰਦ ਹੈ । ਗੰਢੀਆਂ ਰਾਹੀਂ ਸਾਉਣੀ ਦੇ ਪਿਆਜ਼ਾਂ ਦੀ ਕਾਸ਼ਤ ਕਰਨ ਦਾ ਵੇਰਵਾ ਇਸ ਪ੍ਰਕਾਰ ਹੈ :

**ਉੱਨਤ ਕਿਸਮ**

**ਐਗਰੀਫੌਂਡ ਡਾਰਕ ਰੈੱਡ** : ਸਾਉਣੀ ਦੇ ਪਿਆਜ਼ਾਂ ਲਈ ਢੁੱਕਵੀਂ ਇਸ ਕਿਸਮ ਦੇ ਬੂਟੇ ਦਰਮਿਆਨੇ ਕੱਦ ਅਤੇ ਹਲਕੇ ਹਰੇ ਰੰਗ ਦੇ ਹੁੰਦੇ ਹਨ । ਗੰਢੇ ਇਕਸਾਰ ਗੂੜ੍ਹੇ ਲਾਲ, ਦਰਮਿਆਨੇ ਆਕਾਰ ਦੇ (70-80 ਗ੍ਰਾਮ) ਗੋਲ ਅਤੇ ਘੁੱਟਵੇਂ ਛਿਲਕੇ ਅਤੇ ਦਰਮਿਆਨੀ ਕੁੜੱਤਣ ਵਾਲੇ ਹੁੰਦੇ ਹਨ । ਇਸ ਦੀ ਔਸਤ ਝਾੜ 120 ਕੁਇੰਟਲ ਪ੍ਰਤੀ ਏਕੜ ਹੈ ।

**ਬਿਜਾਈ ਦਾ ਸਮਾਂ** : ਗੰਢੀਆਂ ਪੈਦਾ ਕਰਨ ਲਈ ਬਿਜਾਈ ਮਾਰਚ ਦੇ ਅੱਧ ਵਿਚ ਕਰਨੀ ਚਾਹੀਦੀ ਹੈ ।

**ਬੀਜ ਦੀ ਮਾਤਰਾ** : 5 ਕਿਲੋ ਬੀਜ ਇਕ ਏਕੜ ਦੀ ਪਨੀਰੀ ਤਿਆਰ ਕਰਨ ਲਈ ਕਾਫੀ ਹੁੰਦਾ ਹੈ ।

**ਗੰਢੀਆਂ ਤਿਆਰ ਕਰਨ ਦਾ ਤਰੀਕਾ** : ਪਨੀਰੀ (ਗੰਢੀਆਂ) ਤਿਆਰ ਕਰਨ ਲਈ 5 ਕਿਲੋ ਬੀਜ 8 ਮਰਲੇ (200 ਵਰਗ ਮੀਟਰ) ਕਿਆਰੀਆਂ ਵਿਚ ਮਾਰਚ ਦੇ ਅੱਧ ਵਿਚ ਬੀਜੋ । ਪਨੀਰੀ ਬੀਜਣ ਲਈ, ਜ਼ਮੀਨ ਦੀ ਪੱਧਰ ਤੋਂ 20 ਸੈਂਟੀਮੀਟਰ ਉੱਚੀਆਂ ਅਤੇ 1 ਤੋਂ 1.5 ਮੀਟਰ ਚੌੜੀਆਂ ਕਿਆਰੀਆਂ ਬਣਾਓ । ਪਨੀਰੀ ਵਾਲੀ ਥਾਂ 125 ਕਿਲੋ ਗਲੀ-ਸੜੀ ਰੂੜੀ ਪ੍ਰਤੀ ਮਰਲੇ (25 ਵਰਗ ਮੀਟਰ) ਦੇ ਹਿਸਾਬ ਨਾਲ ਪਾਓ । ਪਨੀਰੀ ਨੂੰ ਹਫਤੇ ਵਿਚ ਦੋ ਵਾਰ ਪਾਣੀ ਲਾਓ ਅਤੇ ਗੰਢੀਆਂ ਨੂੰ ਜੂਨ ਦੇ ਅਖੀਰ ਵਿਚ ਪੁੱਟ ਕੇ ਛੇਪਰੀਆਂ ਟੋਕਰੀਆਂ ਵਿਚ ਆਮ ਕਮਰੇ ਦੇ ਤਾਪਮਾਨ ਤੇ ਰੱਖੋ ।

**ਗੰਢੀਆਂ ਦੀ ਖੇਤ ਵਿਚ ਲਵਾਈ** : ਸਾਉਣੀ ਦੇ ਪਿਆਜ ਨੂੰ ਬੈੱਡ ਉੱਪਰ ਲਾਉਣ ਨਾਲ ਆਕਾਰ ਵਿਚ ਸੁਧਾਰ ਹੁੰਦਾ ਹੈ । ਬੈੱਡ 60 ਸੈ.ਮੀ. ਚੌੜੇ ਅਤੇ 10 ਸੈਂ. ਮੀ. ਉੱਚੇ ਬਣਾਓ । ਗੰਢੀਆਂ ਦੀ ਅਗਸਤ ਦੇ ਅੱਧ ਵਿਚ ਖੇਤ ਵਿਚ ਲਾ ਦਿਓ । ਚੰਗਾ ਝਾੜ ਲੈਣ ਲਈ 1.5-2.5 ਸੈਂ. ਮੀ. ਘੇਰੇ ਵਾਲੀਆਂ ਗੰਢੀਆਂ ਹੀ ਵਰਤੋ ।

**ਫਾਸਲਾ** : ਚੰਗਾ ਝਾੜ ਲੈਣ ਲਈ ਕਤਾਰਾਂ ਵਿਚ 15 ਸੈਂਟੀਮੀਟਰ ਅਤੇ ਗੰਢੀਆਂ ਵਿਚਕਾਰ 7.5 ਸੈਂਟੀਮੀਟਰ ਫਾਸਲਾ ਰੱਖੋ ।

**ਜੈਵਿਕ ਖਾਦ** : ਗੰਢੀਆਂ ਲਾਉਣ ਸਮੇਂ ਕਨਸ਼ੋਰਸ਼ੀਅਮ ਜੀਵਾਣੂੰ ਖਾਦ 4 ਕਿਲੋ ਪ੍ਰਤੀ ਏਕੜ ਨੂੰ ਮਿੱਟੀ ਵਿਚ ਰਲਾ ਕੇ ਪਾਉਣ ਨਾਲ ਪਿਆਜ਼ ਦਾ ਝਾੜ ਵਧਦਾ ਹੈ ਅਤੇ ਨਾਲ ਹੀ ਜ਼ਮੀਨ ਦੀ ਸਿਹਤ ਵਿਚ ਵੀ ਸੁਧਾਰ ਹੁੰਦਾ ਹੈ । ਕਨਸ਼ੋਰਸ਼ੀਅਮ ਦਾ ਟੀਕਾ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਮਾਈਕ੍ਰੋਬਾਈਆ ਲੋਜੀ ਵਿਭਾਗ ਤੋਂ ਮਿਲਦਾ ਹੈ ।

**ਖਾਦਾਂ** : 20 ਟਨ ਗਲੀ-ਸੜੀ ਰੂੜੀ, 40 ਕਿਲੋ ਨਾਈਟ੍ਰੋਜਨ (90 ਕਿਲੋ ਯੂਰੀਆ), 20 ਕਿਲੋ ਫਾਸਫੋਰਸ (125 ਕਿਲੋ ਸੁਪਰਫਾਸਫੇਟ) ਅਤੇ 20 ਕਿਲੋ ਪੋਟਾਸ਼ (35 ਕਿਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਓ । ਸਾਰੀ ਰੂੜੀ, ਫਾਸਫੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਗੰਢੀਆਂ ਲਾਉਣ ਤੋਂ ਪਹਿਲਾਂ ਅਤੇ ਫਿਰ ਅੱਧੀ ਬਚਦੀ ਨਾਈਟ੍ਰੋਜਨ 4-6 ਹਫਤਿਆਂ ਬਾਅਦ ਛੱਟਾ ਦੇ ਕੇ ਪਾਓ । ਜੇਕਰ ਸੁਪਰਫਾਸਫੇਟ ਖਾਦ ਬਜ਼ਾਰ ਨਹੀਂ ਮਿਲਦੀ ਤਾਂ 45 ਕਿਲੋ ਡੀ. ਏ. ਪੀ. ਪਾਓ ਪਰ ਨਾਲ ਹੀ ਯੂਰੀਆ ਦੀ ਮਾਤਰਾ ਘਟਾ ਕੇ 65 ਕਿਲੋ ਪ੍ਰਤੀ ਏਕੜ ਕਰ ਦਿਓ ।

**ਪੁਟਾਈ** : ਹਰੇ ਭੂਕਾਂ ਵਾਲੇ ਗੰਢੇ ਪੁੱਟਣ ਲਈ ਨਵੰਬਰ ਦੇ ਅਖੀਰ ਤੱਕ ਤਿਆਰ ਹੋ ਜਾਂਦੇ ਹਨ ।

# ਬੀਜ ਵਾਲੇ ਆਲੂ ਗੁਦਾਮਾਂ ਵਿਚ ਰੱਖਣ ਤੋਂ ਪਹਿਲਾਂ ਧੱਫੜੀ ਰੋਗ ਰਹਿਤ ਬੀਜ ਚੁਣੋ

ਕਿਸਾਨ ਵੀਰੋ ! ਇਨ੍ਹਾਂ ਦਿਨ੍ਹਾਂ ਵਿਚ ਆਲੂਆਂ ਦੀ ਪੁਟਾਈ ਚੱਲ ਰਹੀ ਹੈ । ਸਰਵੇਖਣ ਦੌਰਾਨ ਇਹ ਪਤਾ ਲੱਗਿਆ ਹੈ ਕਿ ਆਲੂਆਂ ਵਿੱਚ ਧੱਫੜੀ ਰੋਗ ਦੇ ਹਮਲੇ ਦਾ ਪੰਜਾਬ ਦੇ ਕਈ ਜ਼ਿਲ੍ਹਿਆਂ ਜਿਵੇਂ ਕਿ ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਮੋਗਾ, ਮੋਹਾਲੀ, ਫਿਰੋਜ਼ਪੁਰ, ਬਠਿੰਡਾ ਦੇ ਕਿਸਾਨਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ । ਧੱਫੜੀ ਰੋਗ ਸਟਰੈਪਟੋਮਾਈਸਿਜ਼ ਸਕੈਬੀ ਨਾਂ ਦੇ ਬੈਕਟੀਰੀਆ ਨਾਲ ਲੱਗਦਾ ਹੈ ਜਿਸ ਕਾਰਨ ਆਲੂਆਂ ਦੀ ਗੁਣਵੱਤਾ (ਕੁਆਲਟੀ) ਖਰਾਬ ਹੋ ਜਾਂਦੀ ਹੈ ਤੇ ਮੰਡੀ ਵਿਚ ਪੂਰਾ ਮੁੱਲ ਨਹੀਂ ਮਿਲਦਾ । ਇਹ ਬਿਮਾਰੀ ਪਹਾੜਾਂ ਤੋਂ ਲਿਆਂਦੇ ਬੀਜ ਰਾਹੀਂ ਪੰਜਾਬ ਵਿਚ ਆਈ ਅਤੇ ਹੁਣ ਪੰਜਾਬ ਦੇ ਹੋਰ ਇਲਾਕਿਆਂ ਵਿਚ ਵੀ ਵੇਖਣ ਨੂੰ ਮਿਲ ਰਹੀ ਹੈ । ਇਸ ਬਿਮਾਰੀ ਦਾ ਅਸਰ ਕੱਚੀ ਪੁਟਾਈ ਵਾਲੇ ਆਲੂਆਂ ਤੇ ਵੀ ਹੁੰਦਾ ਹੈ ।

ਆਲੂਆਂ ਦਾ ਧੱਫੜੀ ਰੋਗ ਜੋ ਕਿ ਬੀਜ ਰਾਹੀਂ ਫੈਲਦਾ ਹੈ ਅਤੇ ਇੱਕ ਵਾਰੀ ਜਦੋਂ ਇਹ ਰੋਗ ਖੇਤ ਵਿਚ ਆ ਜਾਂਦਾ ਹੈ ਤਾਂ ਇਸ ਦੀ ਲਾਗ ਸਾਲ ਦਰ ਸਾਲ ਮਿੱਟੀ ਵਿਚ ਹੀ ਪਲਦੀ ਰਹਿੰਦੀ ਹੈ ਅਤੇ ਆਲੂਆਂ ਉੱਤੇ ਇਸ ਰੋਗ ਦਾ ਹਮਲਾ ਵੱਧਦਾ ਰਹਿੰਦਾ ਹੈ । ਇਸ ਲਈ ਆਲੂਆਂ ਦੇ ਇਸ ਰੋਗ ਤੇ ਸਮੇਂ ਸਿਰ ਕਾਬੂ ਪਾਉਣਾ ਬਹੁਤ ਜ਼ਰੂਰੀ ਹੈ ਤਾਂ ਜੋ ਬਾਅਦ ਵਿਚ ਇਹ ਬਿਮਾਰੀ ਆਲੂਆਂ ਦੀ ਸਫਲ ਕਾਸ਼ਤ ਕਰਨ ਵਾਲੇ ਕਿਸਾਨਾਂ ਲਈ ਸਿਰਦਰਦੀ ਦਾ ਕਾਰਨ ਨਾ ਬਣ ਸਕੇ । ਇਸ ਲਈ ਬੀਜ ਵਾਲੇ ਆਲੂਆਂ ਨੂੰ ਕੋਲਡ ਸਟੋਰਾਂ ਵਿਚ ਰੱਖਣ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਅਤੇ ਰੋਗੀ ਆਲੂਆਂ ਦੀ ਛਾਂਟੀ ਕਰਨੀ ਬਹੁਤ ਜ਼ਰੂਰੀ ਹੈ ।

ਇਸ ਕਰਕੇ ਕਿਸਾਨ ਵੀਰਾਂ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਬੀਜ ਵਾਲੇ ਆਲੂਆਂ ਨੂੰ ਗੋਦਾਮਾਂ ਵਿਚ ਨਾ ਰੱਖੋ ਤਾਂ ਕਿ ਬੀਜ ਰਾਹੀਂ ਲੱਗਣ ਵਾਲੀ ਇਸ ਬਿਮਾਰੀ ਦੀ ਲਾਗ ਨੂੰ ਘਟਾਇਆ ਜਾ ਸਕੇ ।

**ਨਿਸ਼ਾਨੀਆਂ** : ਧੱਫੜੀ ਵਾਲੇ ਆਲੂਆਂ ਤੇ 5-8 ਮਿ.ਲਿ. ਆਕਾਰ ਦੇ ਭੂਰੇ ਰੰਗ ਦੇ ਖੁਰਦਰੇ ਅਤੇ ਡੂੰਘੇ ਨਿਸ਼ਾਨ ਪੈ ਜਾਂਦੇ ਜੋ ਕਿ ਆਪਸ ਵਿਚ ਮਿਲ ਕੇ ਬੇਢੱਬੇ ਅਤੇ ਵੱਡੇ ਆਕਾਰ ਦੇ ਹੋ ਜਾਂਦੇ ਹਨ । ਇਹ ਨਿਸ਼ਾਨ ਓਪਰੇ ਜਾਂ ਡੂੰਘੇ ਅਤੇ ਭੂਰੇ ਰੰਗ ਦੇ ਹੁੰਦੇ ਹਨ । ਓਪਰੇ ਨਿਸ਼ਾਨ ਆਲੂਆਂ ਦੇ ਉੱਪਰ ਹਲਕੀ ਭੂਰੀ ਖੁਰਦਰੀ ਪਰਤ ਦੇ ਰੂਪ ਵਿਚ ਨਜ਼ਰ ਆਉਂਦੇ ਹਨ । ਬਿਮਾਰੀ ਦੇ ਜੀਵਾਣੂੰ ਕਈ ਸਾਲਾਂ ਤੱਕ ਮਿੱਟੀ ਵਿਚ ਜਿਉਂਦੇ ਰਹਿ ਸਕਦੇ ਹਨ ਅਤੇ ਖੁਸ਼ਕ ਜ਼ਮੀਨਾਂ ਵਿਚ ਇਹ ਬਿਮਾਰੀ ਜ਼ਿਆਦਾ ਵੱਧਦੀ ਹੈ । ਬਿਮਾਰੀ ਵਾਲੇ ਆਲੂਆਂ ਦਾ ਪੁੰਗਾਰਾ ਘੱਟ ਜਾਂਦਾ ਹੈ । ਬਿਮਾਰੀ ਨਾਲ ਪ੍ਰਭਾਵਿਤ ਆਲੂਆਂ ਦਾ ਮੰਡੀ



ਵਿਚ ਮੁੱਲ ਵੀ ਘੱਟ ਮਿਲਦਾ ਹੈ ।

**ਰੋਕਥਾਮ** : ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਬਿਮਾਰੀ ਤੋਂ ਬਚਾਅ ਲਈ ਨਰੋਏ ਅਤੇ ਰੋਗ ਰਹਿਤ ਬੀਜ ਦੀ ਹੀ ਵਰਤੋਂ ਕਰੋ । ਖੁਸ਼ਕੀ ਨਾਲ ਇਹ ਬਿਮਾਰੀ ਵੱਧ ਸਕਦੀ ਹੈ, ਇਸ ਲਈ ਆਲੂ ਬਣਨ ਤੋਂ ਪੱਕਣ ਤੱਕ ਫਸਲ ਨੂੰ ਸੋਕਾ ਨਾ ਲੱਗਣ ਦਿਓ ਅਤੇ ਹਲਕਾ ਪਾਣੀ ਲਗਾਉਂਦੇ ਰਹੋ । ਜੇਕਰ ਇਹ ਬਿਮਾਰੀ ਖੇਤ ਵਿਚ ਆਉਂਦੀ ਹੈ ਤਾਂ ਬਿਜਾਈ ਤੋਂ ਪਹਿਲਾਂ ਖੇਤ ਵਿਚ ਹਰੀ ਖਾਦ ਦੀ ਵਰਤੋਂ ਕਰਨ ਨਾਲ ਇਹ ਬਿਮਾਰੀ ਘੱਟ ਲੱਗਦੀ ਹੈ । ਜਿਹੜੇ ਖੇਤਾਂ ਵਿਚ ਇਸ ਬਿਮਾਰੀ ਦਾ ਹਮਲਾ ਨਜ਼ਰ ਆ ਰਿਹਾ ਹੈ, ਉੱਥੇ ਆਲੂਆਂ ਦੀ ਪੁਟਾਈ ਤੋਂ ਬਾਅਦ, 7 ਤੋਂ 8 ਹਫਤੇ ਦੀ ਸਣ ਜਾਂ ਗਰਮੀ ਰੁੱਤ ਦੀ ਮੂੰਗੀ ਦੀ ਹਰੀ ਖਾਦ ਕਰਕੇ ਇਸ ਨੂੰ ਘਟਾਇਆ ਜਾ ਸਕਦਾ ਹੈ ।


**ਮਨਦੀਪ ਹੁੰਜਨ ਅਤੇ ਅਮਰਜੀਤ ਸਿੰਘ, ਪੌਦਾ ਰੋਗ ਵਿਭਾਗ**
(ਮੋ. 97799-07040

# ਖੇਤੀਬਾੜੀ ਮਸ਼ੀਨਰੀ ’ਤੇ ਟੈਕਸ ਦੀ ਮਾਰ, ਜੀ.ਐੱਸ.ਟੀ. ਵਿੱਚ ਸੁਧਾਰ ਦੀ ਲੋੜ



ਭਾਰਤ ਦੇ ਪਿੰਡਾਂ ਦੀ ਜੀਵਨ-ਰੇਖਾ ਖੇਤੀਬਾੜੀ ਅਰਥਵਿਵਸਥਾ ਅੱਜ ਇਕ ਫੈਸਲਾਕੁੰਨ ਮੋੜ ‘ਤੇ ਹੈ । ਹੁਣ ਖੇਤੀ ਦਾ ਆਧੁਨਿਕ ਮਸ਼ੀਨੀਕਰਨ ਇਕ ਬਦਲ ਨਹੀਂ ਸਗੋਂ ਇਕ ਜ਼ਰੂਰਤ ਹੈ ਤਾਂ ਜੋ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਈ ਜਾ ਸਕੇ, ਉਤਪਾਦਨ ਵਧੇ ਅਤੇ ਕਿਸਾਨਾਂ ਦੀ ਆਮਦਨ ਵਿਚ ਸੁਧਾਰ ਹੋਵੇ ਪਰ ਇਸ ਦਿਸ਼ਾ ਵਿਚ ਸਭ ਤੋਂ ਵੱਡੀ ਰੁਕਾਵਟ ਖੇਤੀਬਾੜੀ ਮਸ਼ੀਨਰੀ ਅਤੇ ਟਰੈਕਟਰਾਂ ‘ਤੇ ਲਗਾਇਆ ਜਾਣ ਵਾਲਾ ਵਸਤੂ ਅਤੇ ਸੇਵਾ ਟੈਕਸ (ਜੀ. ਐੱਸ. ਟੀ.) ਹੈ ।

ਖੇਤੀਬਾੜੀ ਮਸ਼ੀਨਰੀ ਅਤੇ ਟਰੈਕਟਰਾਂ ‘ਤੇ 12 ਫੀਸਦੀ ਜੀ. ਐੱਸ. ਟੀ. ਲਾਇਆ ਜਾਂਦਾ ਹੈ, ਜਦੋਂ ਕਿ ਲਗਜ਼ਰੀ ਘੜੀਆਂ ‘ਤੇ ਇਹ ਸਿਰਫ 5 ਫੀਸਦੀ ਹੈ । ਇੰਨਾ ਹੀ ਨਹੀਂ, ਖੇਤੀਬਾੜੀ ਮਸ਼ੀਨਾਂ ਅਤੇ ਟਰੈਕਟਰਾਂ ਦੇ ਕਈ ਹਿੱਸਿਆਂ ‘ਤੇ 18 ਫੀਸਦੀ ਜੀ. ਐੱਸ. ਟੀ. ਲਗਾਇਆ ਗਿਆ ਹੈ । ਜਦੋਂ ਛੋਟੇ ਕਿਸਾਨ ਅਤੇ ਬਾਗਬਾਨ 5 ਤੋਂ 7 ਲੱਖ ਰੁਪਏ ਦਾ ਛੋਟਾ ਟਰੈਕਟਰ ਖਰੀਦਦੇ ਹਨ ਤਾਂ ਉਹ 60,000 ਰੁਪਏ ਤੋਂ 84,000 ਰੁਪਏ ਤੱਕ ਦਾ ਜੀ. ਐੱਸ. ਟੀ. ਅਦਾ ਕਰਦੇ ਹਨ ।

**ਕਿਸਾਨਾਂ ਦੇ ਹਿੱਤ ਵਿਚ ਸੀ ਪੁਰਾਣੀ ਟੈਕਸ ਪ੍ਰਣਾਲੀ** : 1 ਜੁਲਾਈ, 2017 ਤੋਂ ਪਹਿਲਾਂ ਜਦੋਂ ਜੀ. ਐੱਸ. ਟੀ. ਲਾਗੂ ਨਹੀਂ ਹੋਇਆ ਸੀ, ਟਰੈਕਟਰਾਂ ਅਤੇ ਜ਼ਿਆਦਾਤਰ ਖੇਤੀਬਾੜੀ ਉਪਕਰਣਾਂ ‘ਤੇ ਕੋਈ ਐਕਸਾਈਜ਼ ਡਿਊਟੀ ਨਹੀਂ ਸੀ ਅਤੇ ਰਾਜ ਦੇ ਹਿਸਾਬ ਨਾਲ 4 ਤੋਂ 6 ਫੀਸਦੀ ਵੈਟ ਲਗਾਇਆ ਜਾਂਦਾ ਸੀ । ਜਦੋਂ ਕਿ ਖਾਦਾਂ ਵਰਗੇ ਖੇਤੀਬਾੜੀ ਇਨਪੁਟਸ ‘ਤੇ ਕੁੱਲ ਟੈਕਸ 6 ਫੀਸਦੀ ਆਬਕਾਰੀ ਟੈਕਸਅਤੇ 5 ਫੀਸਦੀ ਵੈਟ) ਸੀ ।

ਜੀ. ਐੱਸ. ਟੀ. ਲਾਗੂ ਹੋਣ ਤੋਂ ਬਾਅਦ, ਖਾਦਾਂ ‘ਤੇ ਲਾਇਆ ਜਾਣ ਵਾਲਾ 12 ਫੀਸਦੀ ਟੈਕਸ ਬਾਅਦ ਵਿਚ ਘਟਾ ਕੇ 5 ਫੀਸਦੀ ਕਰ ਦਿੱਤਾ ਗਿਆ ਸੀ, ਪਰ ਪਿਛਲੇ 8 ਸਾਲਾਂ ਤੋਂ ਟਰੈਕਟਰਾਂ ਅਤੇ ਖੇਤੀਬਾੜੀ ਮਸ਼ੀਨਾਂ ‘ਤੇ 12 ਫੀਸਦੀ ਜੀ. ਐੱਸ. ਟੀ. ਲਾ ਕੇ ਕਿਸਾਨਾਂ ਦੀਆਂ ਜੇਬਾਂ ਵਿੱਚੋਂ ਪੈਸੇ ਕੱਢ ਲੈਂਦੀ ਹੈ ।

**ਜੀ. ਐੱਸ. ਟੀ. ’ਚ ਛੋਟ ’ਤੇ ਵੀ ਦੋਹਰੇ ਮਾਪਦੰਡ** : ‘ਨਵਿਆਉਣਯੋਗ ਊਰਜਾ‘ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਸੋਲਰ ਪੈਨਲਾਂ, ਬਾਇਓਗੈਸ ਪਲਾਂਟਾਂ ਅਤੇ ਪੌਣ ਚੱਕੀਆਂ ‘ਤੇ ਸਿਰਫ 5 ਫੀਸਦੀ ਜੀ. ਐੱਸ. ਟੀ. ਲਾਉਂਦੀ ਹੈ । ਇਲੈਕਟ੍ਰਿਕ ਵਾਹਨਾਂ ‘ਤੇ ਅਤੇ 15 ਫੀਸਦੀ ਦੀ ਛੋਟ ਵੀ ਮਿਲਦੀ ਹੈ ਪਰ ਡੀਜ਼ਲ ਟਰੈਕਟਰਾਂ ਵਾਂਗ ਹੀ ਇਲੈਕਟ੍ਰਿਕ ਟਰੈਕਟਰਾਂ ‘ਤੇ ਵੀ 12 ਫੀਸਦੀ ਜੀ.ਐਸ.ਟੀ. ਲਾਇਆ ਜਾਂਦਾ ਹੈ ਅਤੇ ਬੀਮਾ ਪ੍ਰੀਮੀਅਮ ਵਿਚ ਵੀ ਕੋਈ ਛੋਟ ਨਹੀਂ ਮਿਲਦੀ ।

ਇੰਟਰਨੈਸ਼ਨਲ ਕੌਂਸਲ ਆਨ ਕਲੀਨ ਟ੍ਰਾਂਸਪੋਰਟੇਸ਼ਨ ਦੀ ਰਿਪੋਰਟ ਦਰਸਾਉਣੀ ਹੈ ਕਿ ਜੇਕਰ ਇਲੈਕਟ੍ਰਿਕ ਟਰੈਕਟਰਾਂ ਨੂੰ ਵੀ ਇਲੈਕਟ੍ਰਿਕ ਵਾਹਨਾਂ ਵਾਂਗ ਰਾਹਤ ਦਿੱਤੀ ਜਾਵੇ, ਤਾਂ ਇਲੈਕਟ੍ਰਿਕ ਅਤੇ ਡੀਜ਼ਲ ਟਰੈਕਟਰਾਂ ਦੀਆਂ ਕੀਮਤਾਂ ਵਿਚ ਅੰਤਰ 40 ਫੀਸਦੀ ਤੱਕ ਘਟਾਇਆ ਜਾ ਸਕਦਾ ਹੈ । ਇਸ ਨਾਲ ਭਾਰਤ ਖੇਤੀਬਾੜੀ ਖੇਤਰ ਵਿਚ ਵੀ ‘ਗ੍ਰੀਨ ਫਿਊਲ‘ ਵੱਲ ਤੇਜ਼ੀ ਨਾਲ ਅੱਗੇ ਵੱਧ ਸਕੇਗਾ ।



**ਡਾ. ਅੰਮ੍ਰਿਤ ਸਾਗਰ ਮਿੱਤਲ,**
**ਵਾਈਸ ਚੇਅਰਮੈਨ ਸੋਨਾਲੀਕਾ ਗਰੁੱਪ,**
**ਵਾਈਸ ਚੇਅਰਮੈਨ ਪੰਜਾਬ ਯੋਜਨਾ ਬੋਰਡ,**
**ਪੰਜਾਬ ਇਕੋਨੌਮਿਕ ਪਾਲਿਸੀ ।**

**ਕਿਉਂ ਜ਼ਰੂਰੀ ਹੈ ਖੇਤੀਬਾੜੀ ਦਾ ਮਸ਼ੀਨੀਕਰਨ** : ਭਾਰਤ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਖੇਤੀਬਾੜੀ ਉਤਪਾਦਕ ਦੇਸ਼ ਹੈ, ਪਰ ਇੱਥੇ 47 ਫੀਸਦੀ ਖੇਤੀ ਦਾ ਹੀ ਮਸ਼ੀਨੀਕਰਨ ਕੀਤਾ ਗਿਆ ਹੈ, ਜਦੋ ਕਿ ਅਮਰੀਕਾ ਵਿਚ 95 ਫੀਸਦੀ, ਬ੍ਰਾਜ਼ੀਲ ਵਿਚ 75 ਫੀਸਦੀ ਅਤੇ ਚੀਨ ਵਿਚ 57 ਫੀਸਦੀ ਖੇਤੀ ਦਾ ਆਧੁਨਿਕੀਕਰਨ ਕੀਤਾ ਗਿਆ ਹੈ । ਮੌਜੂਦਾ ਰਫਤਾਰ ਨਾਲ, ਭਾਰਤ ਨੂੰ ਇਨ੍ਹਾਂ ਦੇਸ਼ਾਂ ਦੇ ਬਰਾਬਰ ਆਉਣ ਲਈ ਘੱਟੋ-ਘੱਟ 25 ਸਾਲ ਹੋਰ ਲੱਗ ਸਕਦੇ ਹਨ ।

1991 ਵਿਚ, 59 ਫੀਸਦੀ ਕਾਮੇ ਖੇਤੀਬਾੜੀ ਖੇਤਰ ਵਿਚ ਕੰਮ ਕਰਦੇ ਸਨ ਜੋ ਕਿ 2023 ਵਿਚ ਘੱਟ ਤੇ 39 ਫੀਸਦੀ ਰਹਿ ਗਏ ਸਨ । ਅਜਿਹੀ ਸਥਿਤੀ ਵਿਚ ਆਧੁਨਿਕ ਮਸ਼ੀਨਾਂ ਹੀ ਇਕੋ-ਇਕ ਬਦਲ ਹਨ ਜੋ ਖੇਤੀਬਾੜੀ ਵਿਚ ਕਾਮਿਆਂ ਦੀ ਇਸ ਘਾਟ ਨੂੰ ਪੂਰਾ ਕਰ ਸਕਦੀਆਂ ਹਨ । ਇਸ ਨਾਲ ਉਤਪਾਦਨ ਵਧੇਗਾ, ਮਿਹਨਤ ਘੱਟ ਹੋਵੇਗਾ ਅਤੇ ਖੇਤੀ ਵੀ ਪਿੰਡ ਦੇ ਨੌਜਵਾਨਾਂ ਲਈ ਇਕ ਆਕਰਸ਼ਕ ਬਦਲ ਬਣ ਜਾਵੇਗੀ ।

ਭਾਰਤ ਦੇ ਖੇਤੀਬਾੜੀ ਮਸ਼ੀਨਰੀ ਬਾਜ਼ਾਰ ਵਿਚ ਟਰੈਕਟਰਾਂ ਦਾ ਦਬਦਬਾ ਹੈ ਪਰ ਹਾਸਵੈਸਟਰ, ਸੀਡ ਡਰਿੱਲ, ਟਿੱਲਰ ਅਤੇ ਪਲਾਂਟਰ ਵਰਗੀਆਂ ਮਸ਼ੀਨਾਂ ਦਾ ਹਿੱਸਾ ਸਿਰਫ 15 ਫੀਸਦੀ ਹੈ ਇਸਦਾ ਕਾਰਨ ਮਸ਼ੀਨਾਂ ਦੀ ਉੱਚ ਕੀਮਤ ਅਤੇ ਕਿਸਾਨਾਂ ਵਿਚ ਇਸ ਦੇ ਫਾਇਦਿਆਂ ਬਾਰੇ ਜਾਗਰੂਕਤਾ ਦੀ ਘਾਟ ਹੈ । ਭਾਵੇਂ ਸਰਕਾਰ ਅਤੇ ਅੰਤਰਰਾਸ਼ਟਰੀ ਏਜੰਸੀਆਂ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰ ਰਹੀਆਂ ਹਨ ਪਰ ਜਦੋਂ ਤੱਕ ਟੈਕਸ ‘ਚ ਰਾਹਤ ਨਹੀਂ ਦਿੱਤੀ ਜਾਂਦੀ, ਖੇਤੀਬਾੜੀ ਦੇ ਆਧੁਨਿਕੀਕਰਨ ਦੀਆਂ ਯੋਜਨਾਵਾਂ ਆਪਣੀ ਪੂਰੀ ਸਮਰੱਥਾ ਨਹੀਂ ਦਿਖਾ ਸਕਣਗੀਆਂ ।

**ਅੱਗੇ ਦੀ ਰਾਹ** : ਖੇਤੀਬਾੜੀ ਮਸ਼ੀਨਰੀ ਦੇ ‘ਜਾਦੂਈ ਪ੍ਰਭਾਵ‘ ਨੂੰ ਹੁਣ ਜੀ. ਐਸ. ਟੀ. ਵਿਚ ਕਟੌਤੀ ਦੇ ਰੂਪ ਵਿਚ ਇਕ ਬੂਸਟਰ ਡੋਜ਼ ਦੀ ਲੋੜ ਹੈ । ਇਸ ਨਾਲ ਕਿਸਾਨ ਮਜ਼ਬੂਤ ਹੋਣਗੇ, ਪਿੰਡਾਂ ਵਿਚ ਕਸਟਮ ਹਾਇਰਿੰਗ ਸੈਂਟਰਾਂ ਰਾਹੀਂ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਭਾਰਤ ਟਿਕਾਊ ਵਿਕਾਸ ਦੇ ਟੀਚਿਆਂ ਵੱਲ ਤੇਜ਼ੀ ਨਾਲ ਅੱਗੇ ਵਧੇਗਾ ।

ਮਸ਼ੀਨਾਂ ਸਿਰਫ ਖੇਤੀਬਾੜੀ ਵਿਚ ਮਜ਼ਦੂਰਾਂ ਦਾ ਬਦਲ ਨਹੀਂ ਹਨ । ਇਹ ਲਾਗਤਾਂ ਘਟਾਉਣ ਉਤਪਾਦਕਤਾ ਵਧਾਉਣ ਅਤੇ ਪੇਂਡੂ ਆਮਦਨ ਨੂੰ ਸੁਰੱਖਿਅਤ ਕਰਨ ਦਾ ਇਕ ਸਾਧਨ ਵੀ ਹਨ । ਖੇਤੀ ਦਾ ਭਵਿੱਖ ਮਸ਼ੀਨਾਂ ਵਿਚ ਹੈ, ਪਰ ਮਸ਼ੀਨਾਂ ਤੱਕ ਪਹੁੰਚ ਸਿਰਫ ਉਦੋਂ ਹੀ ਆਸਾਨ ਹੋਵੇਗੀ ਜਦੋਂ ਉਹ ਕਿਸਾਨਾਂ ਦੀਆਂ ਜੇਬਾਂ ਵਿਚ ਫਿੱਟ ਬੈਠਣਗੀਆਂ । ਜੀ. ਐੱਸ. ਟੀ. ਕੌਂਸਲ ਨੂੰ ਖੇਤੀਬਾੜੀ ਮਸ਼ੀਨਰੀ ਤੇ ਟੈਕਸ ਘਟਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ ।

# ਖਜੂਰਾਂ ਦੀ ਚੰਗੀ ਫਸਲ ਲੈਣ ਲਈ ਪਰਪਰਾਗਣ ਦੀ ਮਹੱਤਤਾ

**ਅਨਿਲ ਕੁਮਾਰ ਅਤੇ ਅਨਿਲ ਕੁਮਾਰ ਸਾਂਗਵਾਨ,**
**ਖੇਤਰੀ ਖੋਜ ਕੇਂਦਰ, ਅਬੋਹਰ, ਮੋਬਾਇਲ : 98723-11677**

ਖਜੂਰਾਂ ਦੀ ਫਸਲ ਲੈਣ ਲਈ ਪਰਪਰਾਗਣ ਇਕ ਬਹੁਤ ਜ਼ਰੂਰੀ ਪ੍ਰਕਿਰਿਆ ਹੈ, ਇਸ ਪ੍ਰਕਿਰਿਆ ਰਾਹੀਂ ਨਰ ਦੇ ਫੁੱਲਾਂ ਦਾ ਪੋਲਨ ਮਾਦਾ ਦੇ ਫੁੱਲਾਂ ਤੇ ਪਾਇਆ ਜਾਂਦਾ ਹੈ, ਜੇਕਰ ਪਰਪਰਾਗਣ ਵਿਚ ਕੋਈ ਕਮੀ ਰਹਿ ਜਾਵੇ ਤਾਂ ਖਜੂਰਾਂ ਦੀ ਫਸਲ ਫਲ ਤੇ ਨਹੀਂ ਆਉਂਦੀ । ਖਜੂਰਾਂ ਦੀ ਫਸਲ ਲੈਣ ਲਈ ਜਿਵੇਂ ਨਰ ਤੇ ਮਾਦਾ ਦੇ ਬੂਟਿਆਂ ਦੀ ਪਛਾਣ, ਪਰਪਰਾਗਣ ਦਾ ਸਮਾਂ, ਪੋਲਨ ਇਕੱਠਾ ਕਰਨਾ ਤੇ ਮਾਦਾ ਦੇ ਬੂਟਿਆਂ ਤੇ ਪੋਲਣ ਲਗਾਉਣ ਦੇ ਤਰੀਕਿਆਂ ਸਬੰਧੀ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ । ਇਸ ਲੇਖ ਵਿਚ ਇਸ ਸੰਬੰਧੀ ਜਾਣਕਾਰੀ ਸਾਂਝੀ ਕੀਤੀ ਗਈ ਹੈ ।

ਇਸ ਫਸਲ ਵਿਚ ਨਰ ਅਤੇ ਮਾਦਾ ਦੇ



ਫੁਲ ਅਲੱਗ-ਅਲੱਗ ਬੂਟਿਆਂ ਤੇ ਆਉਂਦੇ ਹਨ, ਫਸਲ ਲੈਣ ਲਈ ਖਜੂਰਾਂ ਦਾ ਪਰਾਗਣ ਹੱਥੀਂ ਕਰਨਾ ਅਤੀ ਜ਼ਰੂਰੀ ਹੈ । ਪਰਪਰਾਗਣ ਲਈ ਨਰ ਅਤੇ ਮਾਦਾ ਦੇ ਫੁੱਲਾਂ ਦੀ ਪਛਾਣ ਹੋਣੀ ਬਹੁਤ ਜ਼ਰੂਰੀ ਹੈ ।

ਨਰ ਦੇ ਫੁੱਲ ਕਰੀਮ ਚਿੱਟੇ ਰੰਗ ਤੇ ਝੋਨੇ ਦੇ ਫੁੱਲਾਂ ਵਾਂਗ ਹੁੰਦੇ ਹਨ ਅਤੇ ਮਾਦਾ ਦੇ ਫੁੱਲ ਪੀਲੇ ਅਤੇ ਜੁਆਰ ਦੇ ਫੁੱਲਾਂ ਵਾਂਗ ਦਿਖਾਈ ਦਿੰਦੇ ਹਨ । ਨਰ ਤੇ ਸਪੇਥ (ਜਿਸ ਵਿਚ ਫੁੱਲ ਲੁਕਿਆ ਹੁੰਦਾ ਹੈ) ਛੋਟੇ, ਚੌੜੇ ਤੇ ਜ਼ਿਆਦਾ ਲੜੀਆਂ ਵਾਲੇ ਹੁੰਦੇ ਹਨ । ਇਕ ਨਰ ਦੇ ਬੂਟਿਆਂ ਦੇ ਪੋਲਨ ਤੋਂ ਦਸ ਮਾਦਾ ਦੇ ਬੂਟਿਆਂ ਨੂੰ ਪਰਾਗਣ ਕੀਤਾ ਜਾ ਸਕਦਾ ਹੈ, ਇਸ ਕਰਕੇ ਚੰਗਾ ਪਰਾਗਣ ਕਰਨ ਵਾਸਤੇ ਦਸ ਮਾਦਾ ਦੇ ਬੂਟਿਆਂ ਪਿੱਛੇ ਇਕ ਨਰ ਬੂਟਾ ਲਗਾਉਣਾ ਚਾਹੀਦਾ ਹੈ ।

ਇਸ ਫਸਲ ਦੇ ਫੁੱਲ ਮਾਰਚ ਦੇ ਅੱਧ ਤੋਂ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਨਿਕਲਦੇ ਰਹਿੰਦੇ ਹਨ ਜੇਕਰ ਉਸ ਸਮੇਂ ਤਾਪਮਾਨ ਜ਼ਿਆਦਾ ਹੋਵੇ ਤਾਂ ਕੁਝ ਦਿਨ ਪਹਿਲਾਂ ਨਿਕਲ ਆਉਂਦੇ ਹਨ ਤੇ ਜੇਕਰ ਘੱਟ ਹੋਵੇ ਤਾਂ ਥੋੜ੍ਹੇ ਦਿਨ ਲੇਟ ਤੱਕ ਆਉਂਦੇ ਰਹਿੰਦੇ ਹਨ । ਨਰ ਦੇ ਬੂਟਿਆਂ ਦੇ ਫੁੱਲ ਮਾਦਾ ਦੇ ਬੂਟਿਆਂ ਨਾਲੋਂ ਕੁੱਝ ਦਿਨ (7 ਤੋਂ 10 ਦਿਨ) ਪਹਿਲਾਂ ਨਿਕਲਣ ਲੱਗ ਜਾਂਦੇ ਹਨ । ਪੋਲਨ ਇਕੱਠਾ ਕਰਨ ਲਈ ਸਪੇਥ ਨੂੰ ਖੁੱਲ੍ਹਣ ਤੋਂ ਪਹਿਲਾਂ ਤੋੜ ਕੇ ਛਾਵੇਂ ਸੁਕਾਉਣਾ ਚਾਹੀਦਾ ਹੈ ਤਾਂ ਕਿ ਪੋਲਨ ਅਸਾਨੀ ਨਾਲ ਨਿਕਲ ਸਕੇ । ਪੋਲਨ ਨੂੰ ਕੱਢਣ ਤੋਂ ਬਾਅਦ 6 ਘੰਟੇ ਧੁੱਪੇ ਅਤੇ 18 ਘੰਟੇ ਛਾਵੇਂ ਸੁਕਾਉਣ ਤੋਂ ਬਾਅਦ ਕੱਚ ਦੀਆਂ ਸ਼ੀਸ਼ੀਆਂ ਵਿਚ ਛਾਂਵੇ ਪਾ ਕੇ ਰੱਖਣਾ ਚਾਹੀਦਾ ਹੈ । ਪੋਲਣ ਨੂੰ ਤਿੰਨ ਮਹੀਨਿਆ ਤੱਕ ਕਮਰੇ ਦੇ ਤਾਪਮਾਨ ਤੇ ਸੰਭਾਲ ਕੇ ਰੱਖ ਸਕਦੇ ਹਾਂ ਤੇ ਜਦੋਂ ਮਾਦਾ ਦੇ ਫੁੱਲ ਨਿਕਲ ਆਉਣ ਜਿਹੜਾ ਪੋਲਣ ਇਕੱਠਾ ਕੀਤਾ ਹੈ, ਉਸਨੂੰ ਪਰਾਗਣ ਲਈ ਵਰਤਣਾ ਚਾਹੀਦਾ ਹੈ ।

ਹੱਥੀਂ ਪਰਾਗਣ ਕਈ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਜਿਵੇਂ ਪੋਲਨ ਨੂੰ ਮਾਦਾ ਦੇ ਫੁੱਲਾਂ ਤੇ ਰੂਈ ਦੇ ਬੂੜੇ ਨਾਲ ਲਗਾਉਣਾ ਜਾਂ ਛਿੜਕਣਾ, ਰੂਈ ਦੇ ਬੂੜੇ ਤੇ ਪੋਲਣ ਲਗਾ ਕੇ ਮਾਦਾ ਦੇ ਫੁੱਲਾਂ ਦੇ



ਵਿਚਕਾਰ ਰੱਖਣਾ, 3-4 ਨਰ ਦੇ ਫੁੱਲਾਂ ਦੀਆਂ ਲੜੀਆਂ ਉਲਟਾ ਕਰਕੇ ਮਾਦਾ ਦੇ ਫੁਲਾਂ ਦੇ ਵਿਚਕਾਰ ਰੱਖਣ ਨਾਲ ਪਰਾਗਣ ਕੀਤਾ ਜਾ ਸਕਦਾ ਹੈ । ਨਰ ਦੇ ਫੁੱਲਾਂ ਦੀਆਂ ਲੜੀਆਂ ਨੂੰ ਮਾਦਾ ਦੇ ਫੁੱਲਾਂ ਦੇ ਵਿਚਕਾਰ ਰੱਖ ਕੇ ਮਾਦਾ ਦੇ ਫੁੱਲਾਂ ਦੀਆਂ ਲੜੀਆਂ ਨੂੰ ਖੁੱਲ੍ਹਣ ਵਾਲੀ ਗੰਢ ਪਾ ਕੇ ਰੱਖਣੀ ਚਾਹੀਦੀ ਹੈ ਤਾਂ ਕਿ ਨਰ ਦੇ ਫੁੱਲਾਂ ਵਾਲੀਆਂ ਲੜੀਆਂ ਆਪਣੀ ਜਗ੍ਹਾਂ ਤੋਂ ਨਾ ਹਿੱਲਣ ਅਤੇ ਪਰਪਰਾਗਣ ਵਧੀਆ ਹੋ ਸਕੇ । ਇਹਨਾਂ ਵਿੱਚੋਂ ਕੋਈ ਵੀ ਤਰੀਕਾ ਵਰਤ ਕੇ ਵਧੀਆ ਗੁਣਵੱਤਾ ਵਾਲਾ ਫਲ ਲਿਆ ਜਾ ਸਕਦਾ ਹੈ, ਮਾਦਾ ਦੇ ਫੁੱਲ ਨਿਕਲਣ ਤੋਂ 3-4 ਦਿਨਾਂ ਦੇ ਅੰਦਰ ਪਰਾਗਣ ਕਰ ਦੇਣਾ ਚਾਹੀਦਾ ਹੈ ਤਾਂ ਜੋ ਵਧੀਆ ਫਲ ਟਿੱਕ ਸਕੇ । ਜੇਕਰ ਅਸੀਂ ਪਰਾਗਣ ਨਹੀਂ ਕਰਦੇ ਤਾਂ ਫਲ ਬਹੁਤ ਛੋਟਾ, ਬਿਨਾਂ ਬੀਜ ਵਾਲਾ ਤੇ ਨਾ ਪੱਕਣ ਵਾਲਾ ਬਣੇਗਾ ।

# ਕਣਕ ਦਾ ਲਾਗਾ ਜਦ ਮੈਨੂੰ ਸਿਰ ’ਤੇ ਢੋਣਾ ਪਿਆ

## ਇਹ ਖੇਤੀ ਵਿਚ ਬਾਪ ਦੀ ਸਹਾਇਤਾ ਦਾ ਸਾਰਥਕ ਮੇਰਾ ਯਤਨ ਸੀ

ਖੇਤੀ ਦੇ ਕੰਮਾਂ ਧੰਦਿਆਂ ਵਿਚ ਮੈਂ ਆਪਣੇ ਬਾਪ ਨਾਲ ਬਹੁਤ ਜ਼ਿਆਦਾ ਮੱਦਦਗਾਰ ਬਣ ਸਿਆਣਪ ਭਰੇ ਰਾਹਾਂ ਤੇ ਪਾਧੀ ਬਣਦਾ ਗਿਆ ਸੀ ਅਤੇ ਸਵੇਰੇ ਸੁਭਾ ਹਰ ਰੋਜ਼ ਪੱਠੇ ਵੱਢ ਕੇ ਫਿਰ ਸਕੂਲ ਜ਼ੀਰੇ ਸ਼ਹਿਰ 6 ਕਿਲੋਮੀਟਰ ਤੁਰਕੇ ਜਾਂ ਨਾਂ ਹਰ ਰੋਜ਼ ਦਾ ਕਿੱਤਾ ਸੀ ਅਤੇ ਸ਼ਾਮ ਨੂੰ ਆ ਕੇ ਗਰਮੀਆਂ ਵਿਚ 3 ਵਜੇ ਤੋਂ ਬਾਅਦ ਪਸ਼ੂ ਚਾਰਨ ਵਾਸਤੇ ਜਾਣਾ। ਅਤੇ ਘਰ ਆ ਕੇ ਹੱਥੀਂ ਮਸ਼ੀਨ ਤੇ ਪੱਠੇ ਕੁਤਰਨਾ ਰੋਜ਼ਾਨਾ ਦਾ ਕਾਰਜ ਸੀ। ਹਾੜੀ ਦੇ ਦਿਨਾਂ ਵਿਚ ਸਾਰੀ ਸਾਰੀ ਦਿਹਾੜੀ ਕਣਕ ਦੀ ਵੱਢਾਈ ਹੱਥੀਂ ਕਰਨੀ ਮੇਰੇ ਪੱਕੇ ਕੰਮ ਸਨ । ਕਈ ਵਾਰ ਗਰੀਬ ਦੇ ਕਾਰਨ ਹਾੜੀ ਦੇ ਦਿਨ ਵਿਚ ਆਪਣੀ ਕਣਕ ਵੱਢਕੇ ਲੋਕਾਂ ਦੀਆਂ ਵਿੜੀਆਂ ਪੂਰੀਆਂ ਕਰਨਾ ਮੇਰੇ ਜੁੰਮੇ ਸੀ। ਜਾਂ ਕਈ ਵਾਰੀ ਦਿਹਾੜੀ ਤੇ ਮੈਨੂੰ ਮੇਰਾ ਬਾਪ ਭੇਜ ਦਿੰਦਾ ਸੀ ਉਹ ਸਮੇਂ ਪੂਰੇ ਪੀਕ ਸੀਜ਼ਨ ਵਿਚ 9 ਰੁਪੈ ਦਿਹਾੜੀ ਹੁੰਦੀ ਸੀ ਕਿਤਾਰਾਂ ਨਵੀਆਂ ਲੈਣ ਜੋਗੇ ਪੈਸੇ ਕਮਾ ਲੈਣੇ। ਮੇਰੀ ਖੁਸ਼ੀ ਦੀ ਕੋਈ ਸੀਮਾਂ ਨਾ ਰਹਿਣੀ ਅਤੇ ਮੈਂ ਫੁੱਲਿਆ ਨਾ ਸਮਾਣਾ । ਨਾਨਕ ਸਾਹਿਬ ਦਾ ਸ਼ੁਕਰ ਕਰਨਾ ਮੈਂ ਕਦੇ ਭੁੱਲਦਾ ਨਹੀਂ ਸੀ । ਇਕ ਵੇਰਾ ਮੈਂ ਤੇ ਮੇਰਾ ਬਾਪ ਲਾਗੇ ਦੇ ਪਿੰਡ ਦ ਨੇੜੇ ਵਿਚ ਲਿਆ ਰਹੇ ਸਾਂ ਰੱਬ ਦੀ ਕਰਨੀ ਹੋਈ, ਰਸਤੇ ਵਿਚ ਬਹੁਤ ਰੇਤਾ ਭਰਿਆ ਟਿਬਿਆਂ ਵਿਚ ਗੱਡਾ ਫਸ ਗਿਆ ਕਿਉਂਕਿ ਲੱਕੜ ਦੇ ਪਹੀਏ ਰੇਤਾ ਵਿਚ ਪੂਰੀ ਤਰ੍ਹਾਂ ਖੁੱਬ ਗਏ । ਗੱਡਾ ਇਕ ਪਾਸੇ ਟੇਡਾ ਜਿਹਾ ਹੋ ਕੇ-ਰੱਸੇ ਢਿੱਲੇ ਹੋ ਗਏ ਤੇ ਹੌਲੀ ਹੌਲੀ ਲਾਗਾਂ ਇਕ ਪਾਸੇ ਢੇਰੀ ਹੋ ਗਈਆਂ । ਗੱਡਾ



**ਜਗਜੀਤ ਸਿੰਘ ਝੱਤਰਾ,**
**ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,**
**ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028**
**ਮੋ: 7814490249**

ਸਾਰਾ ਹੀ ਖਾਲੀ ਹੋ ਗਿਆ । ਸਿਰਫ ਗੱਡੇ ਦੇ ਵਿਡ ਵਿਚ ਹੀ ਥੋੜਾ ਜਿਹਾ ਲਾਗਾਂ ਬਾਕੀ ਰਹਿ ਗਈਆਂ । ਉਪਰੋਂ ਗਰਮੀ ਅਪਰੈਲ ਦਾ ਪਿਛਲਾ ਜਿਹਾ ਪੱਖ ਸੀ। ਮੇਰਾ ਬਾਪ ਮੈਨੂੰ ਕਹਿਣ ਲੱਗਿਆ ਮੈਂ ਹੌਲੀ ਗੱਡਾ ਦੁਬਾਰਾ ਲੱਦਦਾ ਹਾਂ ਤੂੰ ਕਾਕਾ ਪੰਡਾਂ ਬੰਨ ਬੰਨਕੇ ਪਿੰਡ ਲਈ ਚੱਲ ਤੇ ਗੱਡੇ ਨੂੰ ਮੈਂ ਪੱਧਰ ਥਾਂ ਤੇ ਥੱਬਿਆਂ ਨਾਲ ਖੜਾ ਕਰਕੇ ਲੱਦਦਾਂ ਹੈ। ਜਿੰਨਾ ਤੈਥੋਂ ਪੰਡਾਂ ਰਾਹੀਂ ਲਾਗਾਂ ਜਿੰਨਾ ਚਲਿਆ ਗਿਆ ਓਨਾ ਆਪਣਾ ਲਾਗਾ ਘਟਦਾ ਜਾਵੇਗਾ । ਮੈਂ ਉਸੇ ਤਰਾਂ ਹੀ ਕਰਨਾ ਸ਼ੁਰੂ ਕਰ ਦਿੱਤਾ। ਜਿਵੇਂ ਮੈਂ ਬਾਪ ਨੇ ਸੁਝਾ ਦਿੱਤਾ ਮੈਨੂੰ ਬਾਪ ਨੇ ਸੁਝਾ ਦਿੱਤਾ ਮੈਂ ਠੀਕ ਕਹਿ ਕੇ ਪੰਡਾਂ ਬੰਨ੍ਹ ਸਿਰ ਤੇ ਲਿਜਾਣੀਆਂ ਸ਼ੁਰੂ ਕਰ ਦਿੱਤੀਆਂ ਕਿਉਕਿ ਮੈਂ ਬਾਪ ਦਾ ਆਖਿਆ ਕੋਈ ਵੀ ਸ਼ਬਦ ਨੂੰ ਮੋੜਨਾ ਜਵਾਬ ਨਹੀਂ ਦਿੰਦਾ । ਪਾਣੀ ਦਾ ਕੂੰਨਾ ਸਾਡੇ ਕੋਲ ਗੱਡੇ ਨਾਲ ਬੰਨਿਆ ਹੋਇਆ ਤ੍ਰੇਹ ਲੱਗਣ ਤੇ ਓਕ ਲਾ ਕੇ ਹੀ ਪਾਣੀ ਪੀ ਲੈਂਦਾ ਸੀ ਉਸ ਵੇਲੇ ਮੇਰੀ ਉਮਰ 16 ਸਾਲ ਦੀ ਸੀ । ਮੈਂ ਉਸ ਵੇਲੇ ਨੌਵੀਂ ਜਮਾਤ ਵਿਚ ਪੜ੍ਹਦਾ ਸੀ । ਪੜ੍ਹਾਈ ਵਿਚ ਵੀ ਕਾਫੀ ਹੁਸ਼ਿਆਰ ਸੀ । ਖੇਤੀ ਦੇ ਕੰਮਾਂ ਵਿਚ ਵੀ ਮੈਂ ਰੱਜ ਕੇ ਮੇਹਨਤ ਕਰਨ ਲੈਂਦਾ ਸੀ । ਜੋ ਕੰਮ ਬਾਪ ਨੇ ਕਹਿ ਦਿੱਤਾ ਉਸਨੂੰ ਸਿਰੇ ਲਾ ਕੇ ਸਾਹ ਲੈਂਦਾ ਸੀ, ਬਾਪ ਮੇਰਾ ਕਹਿੰਦਾ ਸੀ ਰਾਤ ਨੂੰ ਇਕ ਗਲਾਸ ਹੋਰ ਦੁੱਧ ਦਾ ਪੀ ਲਵੀਂ ।

ਚਲੋ ਅੱਧਾ ਦਿਨ ਲਾਗਾਂ ਢੋਹਦੇ ਦਾ ਰਿਹਾ ਅਤੇ ਅੱਧਾ ਗੱਡਾ ਬਾਪ ਨੇ ਲੱਦ ਗਿਆ ਤਕਰੀਬਨ ਬਾਕੀ ਲਾਗਾ ਮੈਂ ਸਿਰ ਤੇ ਪੰਡਾਂ ਬੰਨ੍ਹ ਲਿਆਉਂਦਾ ਰਿਹਾ ਅਤੇ ਪਿੜ ਵਿਚ ਢੇਰ ਲਾਈ ਗਿਆ । ਹਨੇਰਾ ਵੀ ਹੋਣਾ ਸ਼ੁਰੂ ਹੋ ਗਿਆ ਅਤੇ ਮੈਂ ਵੀ ਆਪਣਾ ਲਾਗੇ ਦਾ ਕੰਮ ਨਕੀ ਕਰ ਦਿੱਤਾ ਤੇ ਬਾਪ ਨਾਲ ਗੱਡਾ ਧੱਕ ਧੁੱਕ ਕੇ ਪਿੜ ਵਿਚ ਲੈ ਆਵੇ । ਮੈਂ ਆਪਣੇ ਬਾਪ ਨੂੰ ਕਿਹਾ ਗੱਡਾ ਆਪਾਂ ਸਵੇਰੇ ਉਤਾਰ ਲਵਾਂਗੇ । ਉਹਨਾਂ ਅੱਗੋਂ ਆਖਿਆ ਕਿ ਕਾਕਾ ਹੁਣ ਠੰਢਾ ਹੈ । ਸਵੇਰੇ ਗਰਮੀ ਬਹੁਤ ਹੋਵੇਗੀ, ਧੁੱਪ ਚੜ੍ਹ ਜਾਵੇਗੀ ਹੁਣ ਆਪਾਂ ਉਤਾਰ ਕੇ ਲਾਗਾ ਗੱਡੀ ਖਾਲੀ ਕਰ ਦਿੰਦੇ ਹਾਂ । ਅਸੀਂ ਦੋਵੇਂ ਪਿਓ ਪੁੱਤ ਗੱਡਾ ਲਾਹੁਣ ਲੱਗ ਗਏ । ਇਕ ਘੰਟੇ ਵਿਚ ਅਸੀਂ ਗੱਡਾ ਖਾਲੀ ਕਰ ਦਿੱਤਾ ਅਤੇ ਫੇਰ ਮੇਰੇ ਬਾਪ ਨੇ ਕਿਹਾ ਕਿ ਕਾਮਾ ਆਪਾਂ ਲਾਗਾ ਖਿਲਾਰ ਲਈਏ ਕਿਉਕਿ ਪੈਰੀ ਬਣ ਜਾਏਗੀ ਅਤੇ ਫਲਾ ਕੱਲ ਜੋੜ ਦਿਆਂਗੇ । ਮੈਂ ਕਿਹਾ ਠੀਕ ਹੈ ਚਾਚਾ, ਕਿਉਕਿ ਅਸੀਂ ਸਾਰੇ ਭੈਣ ਭਰਾ ਆਪਣੇ ਬਾਪ ਨੂੰ ਚਾਚਾ ਕਹਿੰਦੇ ਸਾਂ । ਪੈਰੀ ਵੀ ਅਸੀਂ ਖਿਲਾਰ ਦਿੱਤੀ ਅਤੇ ਅਸੀਂ 2 ਵਜੇ ਉੱਥੇ ਪਿੜ ਵਿਚ ਰਾਤ ਸੌਂ ਗਏ । ਸਵੇਰੇ ਫਲਾ ਜੋੜ ਲਿਆ ਅਤੇ ਵੱਡੇ ਦਿਨ ਫੇਰ ਅਸੀਂ ਗੱਡਾ ਲੈ ਲਾਗਾ ਲੈਣ ਲਈ ਖੇਤ ਨੂੰ ਚੱਲ ਪਏ ਸਾਂ ।

ਇਸ ਤਰ੍ਹਾਂ ਮੈਂ ਮੇਹਨਤ ਨਾਲ ਸਿਰ ਕੇ ਲਾਗਾ ਢੋਹਿਆ ਅੱਜ ਵੀ ਯਾਦ ਹੈ । ਜੋ ਕਿ ਯਾਦ ਬਣ ਮੈਨੂੰ ਉਸੇ ਤਰ੍ਹਾਂ ਹੀ ਚੇਤਿਆਂ ਵਿਚ ਛਿਪੀ ਹੈ । ਜਦ ਮੈਂ ਆਪਣੇ ਪੋਤਿਆਂ ਨੂੰ ਦੱਸਦਾ ਹਾਂ । ਉਹ ਹੈਰਾਨ ਹੋ ਕੇ ਜਵਾਬ ਦਿੰਦੇ ਹਨ ਕਿ ਪਹਿਲੇ ਲੋਕ ਪਾਪਾ ਸੋਨਾ ਹੁੰਦੇ ਹਨ ਅੱਜ ਤੇ ਪਿੱਤਲ ਦੇ ਵੀ ਖੋਟ ਵਾਲੇ ਹਨ ।

ਬਾਕੀ ਸਫਾ 2 ਦੀ

## ਹਲਦੀ : ਬੀਜ ਉਤਪਾਦਨ ਤੋਂ ਪ੍ਰੋਸੈਸਿੰਗ ਤੱਕ ਦਾ ਸਫਰ

ਸਫਾਈ ਅਤੇ ਤਾਜ਼ਗੀ ਬਰਕਰਾਰ ਰੱਖਣ ਲਈ ਹਵਾ ਰਹਿਤ (ਏਅਰਟਾਈਟ) ਕੰਨਟੇਨਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ ।

ਵਪਾਰਕ ਤੌਰ ਤੇ ਵੇਚਣ ਲਈ ਹਲਦੀ ਦੇ ਸਰੋਤ ਅਤੇ ਗੁਣਵੱਤਾ ਸਮੇਤ ਸਹੀ ਲੇਬਲਿੰਗ ਮਹੱਤਵਪੂਰਨ ਹੈ ।

ਹਲਦੀ ਨੂੰ ਸਿੱਧੀ ਧੁੱਪ ਤੋਂ ਦੂਰ, ਠੰਡੀ ਅਤੇ ਸੁੱਕਾ ਜਗ੍ਹਾ ਤੇ ਸਟੋਰ ਕੀਤਾ ਜਾਣਾ ਚਾਹੀਦਾ ਹੈ, ਜਿਸ ਨਾਲ ਲੰਬੇ ਸਮੇਂ ਲਈ ਹਲਦੀ ਦੀ ਗੁਣਵੱਤਾ, ਰੰਗ ਅਤੇ ਸੁਆਦ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਹਲਦੀ ਪਾਊਡਰ ਤੋਂ ਇਲਾਵਾ, ਹਲਦੀ ਤੋਂ ਹੋਰ ਵੀ ਕਈ ਉਤਪਾਦ ਬਣਾਏ ਜਾਂਦੇ ਹਨ ਜੋ ਕਿ ਸਾਨੂੰ ਸੁਆਦ, ਸਿਹਤ ਅਤੇ ਚਿਕਿਤਸਕ ਗੁਣਾਂ ਦੇ ਲਾਭ ਦਿੰਦੇ ਹਨ ।

**ਹਲਦੀ ਤੋਂ ਲੈਕਟੋ ਫਰਮੈਂਟਿਡ ਬੈਵਰੇਜ ਬਣਾਉਣਾ** : ਹਲਦੀ ਦੀ ਲੈਕਟੋ ਫਰਮੈਂਟਿਡ ਬੈਵਰੇਜ ਨੂੰ ਬਣਾਉਣ ਲਈ ਹਲਦੀ ਦਾ ਜੂਸ 100 ਮਿ.ਲਿ. ਅਦਰਕ ਦਾ ਜੂਸ 1.5 ਮਿ.ਲਿ., ਨਿੰਬੂ ਦਾ ਜੂਸ 3 ਮਿ.ਲਿ., ਪਾਣੀ 1:3 ਅਤੇ ਨਮਕ ਨੂੰ (1%) ਦੇ ਮਿਸ਼ਰਨ ਨੂੰ 55 ਡਿਗਰੀ ਸੈਂਟੀਗ੍ਰੇਡ ਤੇ 15 ਸੈਕਿੰਡ ਲਈ ਪਾਸਚੁਰੀਕਰਨ ਕਰਨ ਤੋਂ ਬਾਅਦ ਲੈਕਟਿਕ ਐਸਿਡ ਬਕਟੀਰੀਆਂ ਦੇ ਕੰਨਸ਼ੋਰਸ਼ੀਆ ਨਾਲ 37 ਡਿਗਰੀ ਸੈਂਟੀਗ੍ਰੇਡ ਤੇ 24 ਘੰਟੇ ਲਈ ਖਮੀਰੀਕਰਨ ਲਈ ਲਗਾਉ। ਹਲਦੀ ਦੇ ਪਾਊਡਰ ਤੋਂ ਲੈਕਟੋ ਫਰਮੈਂਟਿਡ ਬੇਵਰੇਜ ਬਣਾਉਣ ਲਈ 4% ਹਲਦੀ ਦਾ ਪਾਊਡਰ, 1.5% ਅਦਰਕ ਅਤੇ 5% ਨਿੰਬੂ ਦੇ ਜੂਸ ਨੂੰ ਪਾਸਚੁਰੀਕਰਨ ਤੋਂ ਬਾਅਦ ਲੈਕਟਿਕ ਐਸਿਡ ਬੈਕਟੀਰੀਆ ਦੇ ਕੰਨਸ਼ੋਰਸ਼ੀਆ ਲਈ ਖਮੀਰੀਕਰਨ ਲਈ ਲਗਾਓ ।

**ਹਲਦੀ ਤੋਂ ਅਚਾਰ ਬਣਾਉਣਾ** : ਹਲਦੀ ਦੇ 1 ਇੰਚ ਦੇ ਟੁਕੜਿਆਂ ਨੂੰ 5% ਨਮਕ ਦੇ ਘੋਲ ਵਿਚ ਪਾ ਕੇ ਲੈਕਟਿਕ ਐਸਿਡ ਬੈਕਟੀਰੀਆ ਦੇ ਕੰਨਸ਼ੋਰਸ਼ੀਆ ਨਾਲ 48 ਘੰਟਿਆਂ ਲਈ ਮੂੰਹ ਬੰਦ ਗਲਾਸ ਦੇ ਜਾਰ ਉੱਤੇ ਖਮੀਰੀਕਰਨ ਲਈ ਲਗਾਓ ।

**ਹਲਦੀ ਦਾ ਜੂਸ** : ਹਲਦੀ ਦੀਆਂ ਤਾਜ਼ੀਆਂ ਗੰਢੀਆਂ ਨੂੰ ਚੰਗੀ ਤਰ੍ਹਾਂ ਨਾਲ ਸਾਫ ਕਰਕੇ ਧੋ ਲਓ ਅਤੇ ਇਸਦੇ ਛਿਲਕਿਆਂ ਨੂੰ ਵੀ ਉਤਾਰ ਦਿਓ । ਫਿਰ ਜੂਸਰ ਜਾਂ ਗ੍ਰਾਈਂਡਰ ਦੀ ਮੱਦਦ ਨਾਲ ਇਹਨਾਂ ਦਾ ਰਸ (ਜੂਸ) ਕੱਢ ਲਓ ਅਤੇ ਕੱਪੜ ਛਾਣ ਕਰ ਕੇ ਸਾਫ ਕਰ ਲਓ । ਇਸਦੇ ਸਵਾਦ ਨੂੰ ਵਧੀਆ ਕਰਨ ਲਈ ਇਸ ਵਿੱਚ ਨਿੰਬੂ ਦਾ ਰਸ ਅਤੇ ਸ਼ਹਿਦ ਵੀ ਮਿਲਾਇਆ ਜਾ ਸਕਦਾ ਹੈ । ਖਰਾਬ ਹੋਣ ਤੋਂ ਬਚਾਉਣ ਲਈ ਇਸ ਵਿਚ ਨਿੰਬੂ ਦਾ ਸਤ ਵੀ ਮਿਲਾਇਆ ਜਾ ਸਕਦਾ ਹੈ। ਇਸ ਰਸ ਨੂੰ ਫਰਿਜ ਵਿਚ ਜਾਂ ਬਰਫ ਦੀ ਤਰ੍ਹਾਂ ਜਮਾਅ ਕੇ ਵੀ ਕਾਫੀ ਸਮੇਂ ਤੱਕ ਸਟੋਰ ਕੀਤਾ ਜਾ ਸਕਦਾ ਹੈ। ਪਾਸਚੀਕ੍ਰਿਤ ਕਰਕੇ ਜਾਂ ਗਾੜ੍ਹਾਂ ਕਰਕੇ ਵੀ ਇਸ ਦੀ ਵਰਤੋਂ ਸਮੇਂ ਵਿਚ ਵਾਧਾ ਕੀਤਾ ਜਾ ਸਕਦਾ ਹੈ ।

**ਹਲਦੀ ਦਾ ਤੇਲ** : ਹਲਦੀ ਦਾ ਤੇਲ ਇਸ ਦੀਆਂ ਗੰਢੀਆਂ ਤੋਂ ਭਾਫ ਡਿਸਟਿਲੇਸ਼ਨ ਪ੍ਰਕਿਰਿਆ ਰਾਹੀਂ ਕੱਢਿਆ ਜਾਂਦਾ ਹੈ। ਇਸਦੀ ਵਰਤੋਂ ਅਰੋਮਾਥੈਰੇਪੀ, ਸ਼ਿੰਗਾਰ ਸਮੱਗਰੀ ਅਤੇ ਸਵਾਦ ਅਤੇ ਦਿੱਖ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ । ਹਲਦੀ ਦਾ ਤੇਲ ਟਰਮੇਰੋਨ ਵਰਗੇ ਤੱਤਾਂ ਨਾਲ ਭਰਪੂਰ ਹੁੰਦਾ ਹੈ ।

**ਕਰਕਿਊਮਿਨ ਤੱਤ** : ਕਰਕਿਊਮਿਨ ਹਲਦੀ ਵਿਚ ਮੁੱਖ ਕਿਰਿਆਸ਼ੀਲ ਤੱਤ ਹੈ ਅਤੇ ਇਸਨੂੰ ਘੋਲਕ ਜਾਂ ਹੋਰ ਪ੍ਰਕਿਰਿਆਵਾਂ ਵੀ ਵਰਤੋਂ ਕਰਕੇ ਹਲਦੀ ਦੀਆਂ ਗੰਢੀਆਂ ਸਮੱਗਰੀ ਦੇ ਖਾਸ ਤੱਤਾਂ ਵਜੋਂ ਵਰਤਿਆ ਜਾਂਦਾ ਹੈ ।

# ਇੰਝ ‘ਇਨਡੋਰ’ ਬੂਟੇ ਲਗਾਓ

## ਜੋ ਘਰ ਦੀ ਹਵਾ ਨੂੰ ਰੱਖਣ ਤਰੋਤਾਜ਼ਾ

ਘਰ ਤੋਂ ਬਾਹਰ ਦਾ ਹੀ ਨਹੀਂ, ਘਰ ਦੇ ਅੰਦਰ ਦਾ ਪ੍ਰਦੂਸ਼ਣ ਵੀ ਸਾਡੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ । ਘਰ ਦੇ ਟਾਇਲਟ, ਕੂੜੇਦਾਨ, ਗੈਸ ਚੁੱਲੇ, ਡਿਟਰਜੈਂਟ, ਕਲੀਨਰਸ ਤੋਂ ਕਈ ਕਿਸਮ ਦੀਆਂ ਜ਼ਹਿਰੀਲੀਆਂ ਗੈਸਾਂ ਪੈਦਾ ਹੁੰਦੀਆਂ ਹਨ। ਇਸ ਤੋਂ ਇਲਾਵਾ ਜ਼ਿਆਦਾ ਗਰਮੀ ਅਤੇ ਜ਼ਿਆਦਾ ਸਰਦੀ ਵਿਚ ਘਰ ਦੇ ਦਰਵਾਜ਼ੇ-ਖਿੜਕੀਆਂ ਬੰਦ ਰੱਖਣ ਨਾਲ ਵੀ ਬਾਹਰ ਦੀ ਸ਼ੁੱਧ ਅਤੇ ਸਾਫ ਹਵਾ ਘਰ ਦੇ ਅੰਦਰ ਨਾ ਆਉਣ ਕਾਰਨ ਘਰ ਵਿਚ ਪ੍ਰਦੂਸ਼ਣ ਦਾ ਪੱਧਰ ਵਧ ਜਾਂਦਾ ਹੈ। ਇਸ ਤੋਂ ਇਲਾਵਾ ਘਰ ਵਿਚ ਜੇਕਰ ਕੋਈ ਬਿਮਾਰ ਹੋ ਜਾਵੇ ਤਾਂ ਉਸ ਨਾਲ ਵੀ ਦੂਜਿਆਂ ਦੇ ਸੰਕ੍ਰਮਿਤ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ । ਘਰ ਦੇ ਪ੍ਰਦੂਸ਼ਣ ਨੂੰ ਦੂਰ ਭਜਾਉਣ ਲਈ ਥਾਂ ਚਾਹੇ ਕਿੰਨੀ ਵੀ ਘੱਟ ਹੋਵੇ, ਇਸ ਦੇ ਬਾਵਜੂਦ ਅਸੀਂ ਘਰ ਵਿਚ ਕਈ ਇਸ ਤਰ੍ਹਾਂ ਦੇ ਬੂਟੇ ਲਗਾ ਸਕਦੇ ਹਾਂ, ਜਿਸ ਨਾਲ ਘਰ ਦੀ ਹਵਾ ਤਾਜ਼ੀ ਰਹਿ ਸਕੇ । ਜਿਵੇਂ :

**ਮਨੀਪਲਾਂਟ** : ਮਨੀਪਲਾਂਟ ਇਕ ਇਸ ਤਰ੍ਹਾਂ ਦਾ ਬੂਟਾ ਹੈ ਜੋ ਬਹੁਤ ਤੇਜ਼ੀ ਨਾਲ ਵਧਦਾ ਹੈ। ਇਹ ਘਰ ਦੀ ਹਵਾ ਨੂੰ ਸਾਫ ਰੱਖਦਾ ਹੈ ਅਤੇ ਘਰ ਵਿਚ ਵਰਤੋਂ ਹੋਣ ਵਾਲੇ ਕੈਮੀਕਲਜ਼ ਦੇ ਬੁਰੇ ਅਸਰ ਨੂੰ ਘੱਟ ਕਰਦਾ ਹੈ। ਇਸ ਨੂੰ ਮਿੱਟੀ ਤੋਂ ਇਲਾਵਾ ਪਾਣੀ ਵਿਚ ਵੀ ਲਗਾ ਸਕਦੇ ਹੋ। ਇਕ ਵਾਰ



ਜੇਕਰ ਇਹ ਵਧਣ-ਫੁੱਲਣ ਲੱਗੇ ਤਾਂ ਕਾਫੀ ਸੰਘਣਾ ਆਕਾਰ ਲੈ ਲੈਂਦਾ ਹੈ। ਇਸ ਨੂੰ ਤੁਸੀਂ ਘਰ ਦੇ ਕਿਸੇ ਵੀ ਹਿੱਸੇ ਵਿਚ ਲਗਾ ਸਕਦੇ ਹੋ । ਜੇਕਰ ਘਰ ਵਿਚ ਕੱਚੀ ਜ਼ਮੀਨ ਹੋਵੇ ਤਾਂ ਇਸ ਨੂੰ ਜ਼ਮੀਨ ਵਿਚ ਹੀ ਬੀਜ ਦਿਓ। ਇਕ ਵਾਰ ਵਾਧਾ ਸ਼ੁਰੂ ਹੋਣ ਦਾ ਬਾਅਦ ਇਸ ਨੂੰ ਵੱਖ-ਵੱਖ ਥਾਂ ‘ਤੇ ਕਈ ਵਾਰ ਲਗਾਇਆ ਜਾ ਸਕਦਾ ਹੈ ।

**ਸਪਾਡਰ ਪਲਾਂਟ** : ਸਪਾਈਡਰ ਪਲਾਂਟ ਵੀ ਤੇਜ਼ੀ ਨਾਲ ਵਧਣ ਵਾਲਾ ਬੂਟਾ ਹੈ, ਜਿਸ ਦੇ ਇਕ ਬੂਟੇ ਤੋਂ ਹੀ ਕਈ ਨਵੇਂ ਬੂਟੇ ਪੈਦਾ ਕੀਤੇ ਜਾ ਸਕਦੇ ਹਨ। ਇਸ ਬੂਟੇ ਦੀਆਂ ਪੱਤੀਆਂ ਐਲਰਜੀ ਫੈਲਾਉਣ ਵਾਲੇ ਤੱਤਾਂ ਨੂੰ ਤੁਰੰਤ ਕੰਟਰੋਲ ਕਰਦੀਆਂ ਹਨ। ਕਾਰਬਨ ਮੋਨੋਆਕਸਾਈਡ ਨੂੰ ਸੋਕ ਕੇ ਘਰ ਦੇ ਅੰਦਰ ਦੀ ਹਵਾ ਨੂੰ ਪ੍ਰਦੂਸ਼ਣ ਮੁਕਤ ਕਰਦਾ ਹੈ ।

**ਐਲੋਵੇਰਾ** : ਐਲੋਵੇਰਾ ਭਾਵ ਕੁਆਰ ਦਾ ਬੂਟਾ ਵੀ ਬਹੁਤ ਛੇਤੀ ਵਧਣ ਵਾਲਾ ਹੈ, ਜਿਸ ਨੂੰ ਦਵਾਈ ਅਤੇ ਸੁੰਦਰਤਾ ਇਲਾਜ ਲਈ ਵਰਤੋਂ ਵਿਚ ਲਿਆਂਦਾ



ਜਾਂਦਾ ਹੈ। ਐਲੋਵੇਰਾ ਦੇ ਇਕ ਬੂਟੇ ਤੋਂ ਨਿਕਲਣ ਵਾਲੇ ਦੂਜੇ ਬੂਟਿਆਂ ਨੂੰ ਕਈ ਥਾਂ ‘ਤੇ ਲਗਾਇਆ ਜਾ ਸਕਦਾ ਹੈ । ਇਹ ਬੂਟਾ ਕੈਮੀਕਲ ਦੇ ਪ੍ਰਭਾਵਾਂ ਨੂੰ ਸੌਖਿਆਂ ਖਤਮ ਕਰਦਾ ਹੈ । ਇਸਦੇ ਜੈੱਲ ਵੀ ਵਰਤੋਂ ਚਮੜੀ ਅਤੇ ਵਾਲਾਂ ਦੀ ਸੁੰਦਰਤਾ ਲਈ ਕੀਤੀ ਜਾਂਦੀ ਹੈ । ਘਰ ਵਿਚ ਐਲੋਵੇਰਾ ਦਾ ਬੂਟਾ ਲਗਾਉਣ ਤੋਂ ਬਾਅਦ ਐਲੋਵੇਰਾ ਜੈੱਲ ਖਰੀਦਣ ਦੀ ਜ਼ਰੂਰਤ ਨਹੀਂ ਪੈਂਦੀ । ਇਸ ਦੀ ਅਤੇ ਜੈੱਲ ਨਾਲ ਭਰੀਆਂ ਪੱਤੀਆਂ ਨੂੰ ਹੇਠਾਂ ਤੋਂ ਕੱਟ ਕੇ ਇਸ ਦੇ ਜੈੱਲ ਦੀ ਵਰਤੋਂ ਚਮੜੀ ਅਤੇ ਵਾਲਾਂ ‘ਤੇ ਕੀਤੀ ਜਾ ਸਕਦੀ ਹੈ। ਇਸ ਬੂਟੇ ਨੂੰ ਪਾਣੀ ਦੀ ਵੀ ਘੱਟ ਜ਼ਰੂਰਤ ਪੈਂਦੀ ਹੈ । ਇਹ ਗਮਲੇ ਵਿਚ ਬਹੁਤ ਸੌਖਿਆਂ ਨਾਲ ਲੱਗ ਜਾਂਦਾ ਹੈ ਅਤੇ ਬਹੁਤ ਛੇਤੀ ਵਾਧਾ ਕਰਦਾ ਹੈ ।

**ਸਨੈਕ ਪਲਾਂਟ** : ਸਨੈਕ ਪਲਾਂਟ ਦੇ ਪੱਤਿਆਂ ਦੇ ਕਿਨਾਰੇ ਧਾਰਦਾਰ ਹੁੰਦੇ ਹਨ। ਦੇਖਣ ਵਿਚ ਇਹ ਸੁੰਦਰ ਲਗਦਾ ਹੈ । ਇਸ ਨੂੰ ‘ਮਦਰ ਇਨ ਲਾਸਟਨ‘ ਵੀ ਕਿਹਾ ਜਾਂਦਾ ਹੈ । ਇਸ ਬੂਟੇ ਵਿਚ ਘਰ ਦੀ ਹਵਾ ਵਿਚ ਮੌਜੂਦ ਹਾਨੀਕਾਰਨ ਬੈਕਟੀਰੀਆ ਨੂੰ ਖਤਮ ਕਰਨ ਦੀ ਅਨੋਖੀ ਤਾਕਤ ਹੁੰਦੀ ਹੈ । ਇਸ ਨੂੰ ਬਾਥਰੂਮ ਦੇ ਕੋਲ ਰੱਚਿਆ ਜਾ ਸਕਦਾ ਹੈ। ਇਹ ਉੱਥੇ ਦੀ ਹਵਾ ਨੂੰ ਵੀ ਸਾਫ ਰੱਖਦਾ ਹੈ। ਇਸ ਨੂੰ ਉਗਾਉਣ ਲਈ ਇਸ ਦੀ ਇਕ ਪੱਤੀ ਨੂੰ ਕੱਟ ਕੇ ਉਸ ਨੂੰ ਤਿੰਨ-ਚਾਰ ਟੁਕੜਿਆਂ ਵਿਚ ਕੱਟਣ ਦੇ ਹੇਠਾਂ ਤੋਂ ਤਿਕੋਨਾ ਕੱਟ ਕੇ ਪਾਣੀ ਵਿਚ ਵਾਧਾ ਕਰਨ ਲਈ ਰੱਖ ਦਿਓ। 10 ਤੋਂ 15 ਦਿਨ ਦੇ ਅੰਦਰ ਇਸ ਵਿਚ ਹੇਠਾਂ ਨਵੀਆਂ ਜੜ੍ਹਾਂ ਆਉਣ ਲਗਦੀਆਂ ਹਨ, ਜਿਨ੍ਹਾਂ ਨੂੰ ਬਾਅਦ ਵਿਚ ਤੁਸੀਂ ਵੱਡੇ ਗਮਲਿਆਂ ਵਿਚ ਲਗਾ ਸਕਦੇ ਹੋ ।

**ਬੈਂਬੂ ਪਾਮ** : ਬੈਂਬੂ ਪਾਮ ਭਾਵ ਬਾਂਸ ਦਾ ਬੂਟਾ ਤੇਜ਼ੀ ਨਾਲ ਵਾਧਾ ਕਰਨ ਵਾਲਾ



ਹੈ, ਜੋ ਘਰ ਵਿਚ ਮੌਜੂਦ ਕੈਮੀਕਲਜ਼ ਤੋਂ ਹੋਣ ਵਾਲੇ ਜ਼ਹਿਰੀਲੇ ਤੱਤਾਂ ਨੂੰ ਖਤਮ ਕਰਦਾ ਹੈ । ਘਰ ਦੀ ਹਵਾ ਨੂੰ ਜੇਕਰ ਪ੍ਰਦੂਸ਼ਣ ਤੋਂ ਮੁਕਤ ਰੱਖਦਾ ਹੈ ਤਾਂ ਇਸ ਬੂਟੇ ਨੂੰ ਜ਼ਰੂਰ ਲਗਾਓ ।

**ਅਨੂ ਆਰ.**

# ਗਰਮੀ ਅਤੇ ਬਹਾਰ ਰੁੱਤ ਦੀਆਂ ਫਸਲਾਂ ਵਿਚ ਖੁਰਾਕੀ ਤੱਤਾਂ ਦਾ ਪ੍ਰਬੰਧ ਜ਼ਰੂਰੀ

**ਅਸ਼ੋਕ ਕੁਮਾਰ ਗਰਗ ਅਤੇ ਗੋਬਿੰਦਰ ਸਿੰਘ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ (ਮੋ. 950 18-55223)**

ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਗਰਮੀ ਰੁੱਤ ਦੀਆਂ ਮੁੱਖ ਫਸਲਾਂ ਮੂੰਗੀ, ਮਾਂਹ ਅਤੇ ਬਹਾਰ ਰੁੱਤ ਦੀਆਂ ਫਸਲਾਂ ਸੂਰਜਮੁਖੀ, ਮੂੰਗਫਲੀ ਅਤੇ ਪੁਦੀਨਾ (ਮੈਂਥਾ) ਵਿਚ ਖੁਰਾਕੀ ਨੁਕਤੇ ਹੇਠ ਲਿਖੇ ਹਨ :

## ਗਰਮ ਰੁੱਤ ਦੀ ਮੂੰਗੀ

ਮੂੰਗੀ ਦੇ ਬੀਜ ਨੂੰ ਬਿਜਾਈ ਤੋਂ ਪਹਿਲਾਂ ਮਿਸ਼ਰਤ ਜੀਵਾਣੂੰ ਖਾਦ ਦੇ ਟੀਕੇ ਨਾਲ ਰਾਈਜ਼ੋਬੀਅਮ ਐਲ ਐਸ ਐਮ ਆਰ-1 ਅਤੇ ਰਾਈਜ਼ੋਬੈਕਟੀਰੀਅਮ ਆਰ ਬੀ 3 ਦਾ ਮਿਸ਼ਰਣ ਹੁੰਦਾ ਹੈ। ਇਸ ਟੀਕੇ ਨੂੰ ਇਕ ਕਿੱਲੋ ਦੀ ਬੀਜ ਦੀ ਤਕਰੀਬਨ 300 ਮਿਲੀਲਿਟਰ ਪਾਣੀ ਨਾਲ ਗਿੱਲਾ ਕਰਕੇ ਚੰਗੀ ਤਰ੍ਹਾਂ ਰਲਾ ਦਿਓ ਅਤੇ ਛਾਂ ਵਿਚ ਸੁਕਾਉਣ ਤੋਂ ਇਕ ਘੰਟੇ ਦੇ ਅੰਦਰ-ਅੰਦਰ



ਬਿਜਾਈ 20 ਮਾਰਚ ਤੋਂ 10 ਅਪ੍ਰੈਲ ਤੱਕ ਕਰੋ। ਇਸ ਨਾਲ ਝਾੜ ਵੱਧ ਮਿਲਦਾ ਹੈ ਤੇ ਜ਼ਮੀਨ ਦੀ ਜੈਵਿਕ ਸਿਹਤ ਵਿਚ ਸੁਧਾਰ ਹੁੰਦਾ ਹੈ। ਕਿਉਂਕਿ ਮੂੰਗੀ ਇਕ ਫਲੀਦਾਰ ਫਸਲ ਹੈ ਅਤੇ ਇਸ ਦੀਆਂ ਜੜ੍ਹਾਂ ਵਿਚ ਗੰਢਾਂ ਬਣਦੀਆਂ ਹਨ, ਜਿਹਨਾਂ ਵਿਚ ਹਵਾਂ ਵਿੱਚੋਂ ਨਾਈਟ੍ਰੋਜਨ ਖਿੱਚਣ ਵਾਲੇ ਬੈਕਟੀਰੀਆ ਰਹਿੰਦੇ ਹਨ। ਇਸ ਕਰਕੇ ਕਣਕ ਵੱਢਣ ਤੋਂ ਬਾਅਦ ਬੀਜੀ ਜਾਣ ਵਾਲੀ ਗਰਮ ਰੁੱਤ ਦੀ ਮੂੰਗੀ ਨੂੰ ਮੁੱਢਲੇ ਵਾਧੇ ਲਈ ਕੇਵਲ 11 ਕਿਲੋ ਯੂਰੀਆ ਪ੍ਰਤੀ ਏਕੜ ਦੀ ਹੀ ਲੋੜ ਪੈਂਦੀ ਹੈ। ਫਾਸਫੋਰਸ ਤੱਤ ਦੀ ਪੂਰਤੀ ਲਈ 100 ਕਿਲੋ ਸਿੰਗਲ ਸੁਪਰਫਾਸਫੇਟ ਬਿਜਾਈ ਵੇਲੇ ਡਰਿੱਲ ਕੀਤਾ ਜਾ ਸਕਦਾ ਹੈ। ਆਲੂਆਂ ਦੀ ਫਸਲ ਤੋਂ ਬਾਅਦ ਗਰਮ ਰੁੱਤ ਦੀ ਮੂੰਗੀ ਨੂੰ ਕੋਈ ਵੀ ਖਾਦ ਪਾਉਣ ਦੀ ਲੋੜ ਨਹੀਂ ਪੈਂਦੀ। ਕਿਉਂਕਿ ਮੂੰਗੀ ਦੀ ਫਸਲ ਇਕਸਾਰ ਨਹੀਂ ਪੱਕਦੀ ਇਸ ਲਈ ਆਖਰੀ ਸਿੰਚਾਈ ਬਿਜਾਈ ਤੋਂ ਤਕਰੀਬਨ 55 ਦਿਨਾਂ ਤੱਕ ਕਰ ਦਿਉ। ਜਦੋਂ 80 ਪ੍ਰਤੀਸ਼ਤ ਫਲੀਆਂ ਪੱਕ ਜਾਣ ਤਾਂ ਫਸਲ ਵੱਢ ਲਓ ਅਤੇ ਟਾਂਗਰ ਖੇਤ ਵਿਚ ਦਬਾ ਦਿਓ, ਜੋ ਕਿ ਹਰੀ ਖਾਦ ਦੇ ਤੌਰ ਤੇ ਕੰਮ ਕਰੇਗੀ।

## ਗਰਮ ਰੁੱਤ ਦੇ ਮਾਂਹ

ਮਾਂਹ ਦੀ ਫਸਲ ਮੂੰਗੀ ਨਾਲੋਂ ਤਕਰੀਬਨ 10-15 ਦਿਨ ਵੱਧ ਲੈਂਦੀ ਹੈ। ਇਸ ਲਈ ਮਾਂਹ ਦੀ ਬਿਜਾਈ 15 ਮਾਰਚ ਤੋਂ ਲੈ ਕੇ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਕਰ ਦਿਓ। ਇਸ ਦੇ ਬੀਜ ਨੂੰ ਵੀ ਜੀਵਾਣੂੰ ਖਾਦ (ਰਾਈਜ਼ੋਬੀਅਮ ਐਲ ਯੂ ਆਰ-6) ਦੇ ਪੈਕਟ ਨਾਲ ਸੋਧ ਲਉ। ਗਰਮ ਰੁੱਤ ਦੇ ਮਾਂਹ, ਆਲੂ, ਤੋਰੀਆ ਜਾਂ ਰਾਇਆ ਦੀ ਫਸਲ ਤੋਂ ਬਾਅਦ ਬੀਜੇ ਜਾ ਸਕਦੇ ਹਨ। ਇਸ ਫਸਲ ਦੀ ਖਾਦ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਬਿਜਾਈ ਸਮੇਂ 5 ਕਿਲੋ ਨਾਈਟ੍ਰੋਜਨ (11 ਕਿਲੋ ਯੂਰੀਆ) ਦੇ ਨਾਲ 10 ਕਿਲੋ ਫਾਸਫੋਰਸ (60 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਡਰਿੱਲ ਕਰੋ।

## ਬਹਾਰ ਰੁੱਤ ਦੀ ਸੂਰਜਮੁਖੀ

ਸੂਰਜਮੁਖੀ ਦੀ ਫਸਲ ਬਹਾਰ ਰੁੱਤ ਵਿਚ ਬਿਜਾਈ ਲਈ ਸਭ ਤੋਂ ਢੁੱਕਵੀਂ ਮੰਨੀ ਜਾਂਦੀ ਹੈ ਅਤੇ ਇਸ ਸਮੇਂ ਵੱਧ ਝਾੜ ਦਿੰਦੀ ਹੈ। ਬਾਸਮਤੀ-ਸੂਰਜਮੁਖੀ ਫਸਲੀ ਚੱਕਰ ਬਾਸਮਤੀ-ਕਣਕ ਨਾਲੋਂ ਵਧੇਰੇ ਲਾਭਕਾਰੀ ਹੈ। ਜੇਕਰ ਸੂਰਜਮੁਖੀ ਦੀ ਬਿਜਾਈ ਦੇਰੀ ਨਾਲ ਹੁੰਦੀ ਹੈ, ਤਾਂ ਨਰਸਰੀ ਬੀਜ ਕੇ ਵੀ ਚੰਗੀ ਫਸਲ ਪ੍ਰਾਪਤ ਕੀਤੀ ਜਾ ਸਕਦੀ ਹੈ ਕਿਉਂਕਿ ਸਿੱਧੀ ਬਿਜਾਈ ਨਾਲ ਬੀਜ ਦੇ ਝਾੜ ਵਿਚ ਕਾਫੀ ਕਮੀ ਆਉਂਦੀ ਹੈ। ਪਨੀਰੀ ਦੀ ਬਿਜਾਈ ਲਈ 1.5 ਕਿਲੋ ਬੀਜ ਪਨੀਰੀ ਪੁੱਟ ਕੇ ਲਾਉਣ ਤੋਂ ਇਕ ਮਹੀਨੇ ਪਹਿਲਾਂ ਚੰਗੇ ਤਿਆਰ ਕੀਤੇ ਲਗਭਗ ਸਵਾ ਮਰਲੇ (30 ਵਰਗ ਮੀਟਰ ਪ੍ਰਤੀ ਏਕੜ) ਦੇ ਕਿਆਰੇ ਬੀਜ ਦਿਉ। ਬਿਜਾਈ ਤੋਂ ਪਹਿਲਾਂ ਜ਼ਮੀਨ ਵਿਚ ਅੱਧਾ ਕਿਲੋ ਯੂਰੀਆ ਅਤੇ 1.5 ਕਿਲੋ ਸੁਪਰਫਾਸਫੇਟ ਰਲਾ



ਲਉ। ਬੀਜ ਨੂੰ ਗਲੀ ਸੜੀ ਦੇਸੀ ਰੂੜੀ ਦੀ ਪਤਲੀ ਜਿਹੀ ਤਹਿ ਨਾਲ ਢੱਕ ਦਿਉ। ਸੂਰਜਮੁਖੀ ਨੂੰ ਬਿਜਾਈ ਸਮੇਂ 50 ਕਿਲੋ ਯੂਰੀਆ ਪਾਓ। ਹਲਕੀਆਂ ਜ਼ਮੀਨਾਂ ਵਿਚ ਯੂਰੀਆ ਦਾ ਪਹਿਲਾ ਅੱਧ ਭਾਵ 25 ਕਿਲੋ ਬਿਜਾਈ ਤੋਂ ਬਾਅਦ ਅਤੇ ਬਾਕੀ 25 ਕਿਲੋ ਯੂਰੀਆ ਬਿਜਾਈ ਤੋਂ 30 ਦਿਨਾਂ ਬਾਅਦ ਪਾਓ। ਫਾਸਫੋਰਸ ਤੱਤ ਦੀ ਪੂਰਤੀ ਲਈ ਬਿਜਾਈ ਸਮੇਂ 75 ਕਿਲੋ ਸਿੰਗਲ ਸੁਪਰ ਫਾਸਫੇਟ ਡਰਿੱਲ ਕਰੋ। ਮਿੱਟੀ ਵਿਚ ਪੋਟਾਸ਼ ਦੀ ਕਮੀ ਹੋਣ ਦੀ ਸੂਰਤ ਵਿਚ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼ ਡਰਿਲ ਕਰੋ। ਰੂਪਨਗਰ, ਹੁਸ਼ਿਆਰਪੁਰ ਅਤੇ ਸ਼ਹਿਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿਚ ਪੋਟਾਸ਼ ਦੀ ਦੁੱਗਣੀ ਮਾਤਰਾ ਲਾਗੂ ਕਰੋ। ਹਾਲਾਂਕਿ, ਆਲੂ ਤੋਂ ਬਾਅਦ ਬੀਜੀ ਜਾਣ ਵਾਲੀ ਸੂਰਜਮੁਖੀ ਨੂੰ ਜਿੱਥੇ ਆਲੂਆਂ ਨੂੰ ਪ੍ਰਤੀ ਏਕੜ 20 ਟਨ ਖਾਦ ਪਾਈ ਹੋਵੇ ਉੱਥੇ ਸਿਰਫ 25 ਕਿਲੋ ਯੂਰੀਆ ਦੀ ਲੋੜ ਹੁੰਦੀ ਹੈ।

## ਪੁਦੀਨਾ (ਮੈਂਥਾ)

ਮੈਂਥੇ ਦਾ ਤੇਲ ਦਵਾਈਆਂ, ਖੁਸ਼ਬੂਦਾਰ ਤੇਲ ਅਤੇ ਹਾਰ-ਸ਼ਿੰਗਾਰ ਦੇ ਸਮਾਨ ਬਣਾਉਣ ਦੇ ਕੰਮ ਆਉਂਦਾ ਹੈ। ਸਿਮ-ਕ੍ਰਾਂਤੀ ਮੈਂਥੇ ਦੀ ਇਕ ਵੱਧ ਝਾੜ ਦੇਣ ਵਾਲੀ ਕਿਸਮ ਹੈ ਜੋ ਕਿ ਦੇਸੀ ਖਾਦਾਂ ਨਾਲ ਚੰਗਾ ਝਾੜ ਦਿੰਦੀ ਹੈ। ਲਗਭਗ 10-15 ਟਨ ਚੰਗੀ ਗਲੀ ਰੂੜੀ ਪ੍ਰਤੀ ਏਕੜ ਦੇ ਨਾਲ-ਨਾਲ 30 ਕਿੱਲੋ ਯੂਰੀਆ, 35 ਕਿਲੋ ਡਾਇਆ ਬਿਜਾਈ ਸਮੇਂ ਡਰਿੱਲ ਕਰੋ, 30 ਕਿੱਲੋ ਯੂਰੀਆ ਬਿਜਾਈ ਤੋਂ 40 ਦਿਨਾਂ ਬਾਅਦ, 30 ਕਿਲੋ ਪਹਿਲੀ ਕਟਾਈ ਤੋਂ ਬਾਅਦ ਅਤੇ ਆਖਰੀ ਕਿਸ਼ਤ ਪਹਿਲੀ ਕਟਾਈ ਤੋਂ 40 ਦਿਨਾਂ ਬਾਅਦ ਪਾਓ। ਤੁਪਕਾ ਸਿੰਚਾਈ ਵਿਧੀ ਨਾਲ ਪਾਣੀ ਦੇ ਨਾਲ ਸਿਰਫ 24 ਕਿਲੋ ਨਾਈਟ੍ਰੋਜਨ ਅਤੇ 12.8 ਕਿਲੋ ਫਾਸਫੋਰਸ ਪ੍ਰਤੀ ਏਕੜ ਨੂੰ 10 ਬਰਾਬਰ ਕਿਸ਼ਤਾਂ ਵਿਚ ਵੰਡ ਕੇ ਪਾਓ। ਪਹਿਲਾਂ 1/10 ਹਿੱਸਾ ਬਿਜਾਈ ਤੋਂ ਤੁਰੰਤ ਬਾਅਦ ਅਤੇ ਬਾਕੀ 9 ਹਿੱਸੇ ਇਕ ਮਹੀਨੇ ਬਾਅਦ 9 ਦਿਨਾਂ ਦੇ ਫਰਕ ਨਾਲ ਪਾਉ। ਇਸ ਤਰੀਕੇ ਨਾਲ 20 ਪ੍ਰਤੀਸ਼ਤ ਖਾਦ ਅਤੇ 36 ਪ੍ਰਤੀਸ਼ਤ ਪਾਣੀ ਬਚਦਾ ਹੈ ਅਤੇ 25% ਝਾੜ ਵੀ ਵੱਧਦਾ ਹੈ।

## ਬਹਾਰ ਰੁੱਤ ਦੀ ਮੂੰਗਫਲੀ

ਬਹਾਰ ਰੁੱਤ ਦੀ ਮੂੰਗਫਲੀ ਦੀ ਫਸਲ ਇਸ ਰੁੱਤ ਲਈ ਪੀਏਯੂ, ਲੁਧਿਆਣਾ ਦੁਆਰਾ ਸੁਝਾਈ ਗਈ ਪ੍ਰਮੁੱਖ ਫਸਲ ਹੈ। ਇਸ ਰੁੱਤ ਦੀ ਮੂੰਗਫਲੀ ਵਿਚ 12 ਕਿਲੋ ਯੂਰੀਆ, 26 ਕਿੱਲੋ ਡਾਇਆ ਅਤੇ ਪੋਟਾਸ਼ ਤੱਤ ਦੀ ਘਾਟ ਹੋਣ ਦੀ ਸੂਰਤ ਵਿਚ 17 ਕਿਲੋਂ ਮਿਊਰੇਟ ਆਫ ਪੋਟਾਸ਼ ਨੂੰ ਬਿਜਾਈ ਸਮੇਂ ਡਰਿੱਲ ਕਰ ਦਿਉ। ਮੂੰਗਫਲੀ ਵਿਚ ਗੰਧਕ ਦੀ ਘਾਟ ਜ਼ਿਆਦਾ ਹੁੰਦੀ ਹੈ, ਇਸ ਲਈ 90 ਕਿਲੋ ਜਿਪਸਮ ਨੂੰ ਦੋ ਬਰਾਬਰ ਹਿੱਸਿਆਂ ਵਿਚ ਬਿਜਾਈ ਅਤੇ ਫੁੱਲ ਪੈਣ ਸਮੇਂ ਪਾਉਣਾ ਚਾਹੀਦਾ ਹੈ। ਮੂੰਗਫਲੀ ਨੂੰ ਜ਼ਿੰਕ ਦੀ ਘਾਟ ਵੀ ਆ ਜਾਂਦੀ ਹੈ ਜਿਸ ਨਾਲ ਪੌਦੇ ਦੇ ਉਪਰਲੇ ਅੱਧੇ ਹਿੱਸੇ ਦੇ ਪੱਤੇ ਛੋਟੇ ਆਕਾਰ ਦੇ ਰਹਿ ਜਾਂਦੇ ਹਨ। ਪੱਤਿਆਂ ਦਾ ਰੰਗ ਹਲਕਾ ਪੀਲਾ ਹੋ ਜਾਂਦਾ ਹੈ। ਗੰਭੀਰ ਹਾਲਾਤਾਂ ਵਿਚ ਤਾਂ ਪੌਦਾ ਪੂਰਾ ਵੱਧਦਾ-ਫੁੱਲਦਾ ਨਹੀਂ ਅਤੇ ਗਿਰੀਆਂ ਸੁੰਗੜ ਜਾਂਦੀਆਂ ਹਨ। ਇਸ ਲਈ 25 ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਪਾਉ। ਜ਼ਿੰਕ ਸਲਫੇਟ ਦੀ ਏਨੀ ਮਾਤਰਾ ਦੋ-ਤਿੰਨ ਸਾਲ ਲਈ ਕਾਫੀ ਹੈ।

# ਕੀ ਪੋਟਾਸ਼ ਵਾਲੀਆਂ ਜ਼ਮੀਨਾਂ ਸੁਰੱਖਿਅਤ ਰਹਿਣਗੀਆਂ?

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
**ਮੋਬਾਈਲ : 75891-55501**

ਜਦੋਂ ਦੀ ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ ਕੁਝ ਪਿੰਡਾਂ 'ਚ ਪੋਟਾਸ਼ ਦੇ ਭੰਡਾਰ ਮਿਲਣ ਦੀ ਖਬਰ ਸਾਹਮਣੇ ਆਈ, ਉਦੋਂ ਤੋਂ ਹੀ ਇਨ੍ਹਾਂ ਇਲਾਕਿਆਂ ਦੇ ਵਸਨੀਕਾਂ 'ਚ ਉਨ੍ਹਾਂ ਦੀਆਂ ਜ਼ਮੀਨਾਂ ਖੁਸਣ ਦਾ ਸਹਿਨ ਫੈਲਣਾ ਸ਼ੁਰੂ ਹੋ ਗਿਆ ਹੈ। ਪਤਾ ਲੱਗਾ ਹੈ ਕਿ ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ 'ਚ ਪਿਛਲੇ 7-8 ਸਾਲਾਂ ਤੋਂ ਭਾਰਤੀ ਭੂ-ਵਿਗਿਆਨ ਵਿਭਾਗ (ਜੀ. ਐੱਸ. ਆਈ.) ਸਰਵੇ ਕਰ ਰਿਹਾ ਸੀ। ਇਨ੍ਹਾਂ ਦੋਵਾਂ ਖੇਤਰ 'ਚ ਪੋਟਾਸ਼ ਦੇ ਭੰਡਾਰਾਂ ਬਾਰੇ ਪਤਾ ਲੱਗਿਆ ਹੈ। ਪੋਟਾਸ਼ ਅਜਿਹਾ ਕੁਦਰਤੀ ਖਣਿਜ ਹੈ, ਜਿਸ ਦੀ ਵਰਤੋਂ ਭਾਰੀਆਂ ਤੇ ਕਲਰਾਠੀਆਂ ਜ਼ਮੀਨਾਂ ਨੂੰ ਉਪਜਾਊ ਬਣਾਉਣ ਲਈ ਕੀਤੀ ਜਾਂਦੀ



ਜ਼ਿਲ੍ਹਿਆਂ ਦੇ ਪਿੰਡ ਕਬਰਵਾਲਾ, ਸ਼ੇਰੇਵਾਲਾ, ਰਾਮਸਰਾ, ਸ਼ੇਰਗੜ੍ਹ ਅਤੇ ਦਲਬੀਰ ਖੇੜਾ 'ਚ ਕਰੀਬ 18 ਵਰਗ ਕਿਲੋਮੀਟਰ ਹੈ। ਭਾਰਤ ਵਲੋਂ ਹਰ ਸਾਲ 50 ਲੱਖ ਟਨ ਪੋਟਾਸ਼ ਬਾਹਰੋਂ ਮੰਗਵਾਇਆ ਜਾਂਦਾ ਹੈ। ਰਾਜਸਥਾਨ ਦੇ ਬੀਕਾਨੇਰ ਅਤੇ ਹਨੂੰਮਾਨਗੜ੍ਹ ਜ਼ਿਲ੍ਹਿਆਂ 'ਚ ਕਈ ਸਾਲ ਪਹਿਲਾਂ ਹੀ 20 ਹਜ਼ਾਰ ਮਿਲੀਅਨ ਟਨ ਦੇ ਪੋਟਾਸ਼ੀਅਮ ਦੇ ਭੰਡਾਰਾਂ ਦੀ ਖੋਜ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਤਾਮਿਲਨਾਡੂ, ਆਂਧਰਾ ਪ੍ਰਦੇਸ਼ ਅਤੇ ਮਹਾਂਰਾਸ਼ਟਰ 'ਚ ਵੀ ਪੋਟਾਸ਼ੀਅਮ ਦੇ ਕੁਝ ਭੰਡਾਰ ਪਾਏ ਜਾਂਦੇ ਹਨ। ਉਂਝ, ਰਾਜਸਥਾਨ 'ਚ ਪਿਛਲੇ ਸਾਲ ਹੀ ਠੇਕੇ ਦੇ ਕੇ ਪੋਟਾਸ਼ੀਅਮ ਦਾ ਖਣਨ ਸ਼ੁਰੂ ਕੀਤਾ ਗਿਆ ਸੀ, ਜੋ ਦੇਸ਼ 'ਚ ਪੋਟਾਸ਼ ਦੇ ਖਣਨ ਦਾ ਪਹਿਲਾ ਪ੍ਰਾਜੈਕਟ ਗਿਣਿਆ ਜਾਂਦਾ ਹੈ।

ਬੇਸ਼ੱਕ ਸਰਕਾਰ ਇਹ ਦਾਅਵਾ ਕਰ ਰਹੀ ਹੈ ਕਿ 'ਡਰਿਲਿੰਗ ਪ੍ਰਣਾਲੀ' ਨਾਲ ਪੋਟਾਸ਼ ਦੀ ਖੁਦਾਈ ਕੀਤੀ ਜਾਵੇਗੀ ਅਤੇ ਇਸ ਨਾਲ ਜ਼ਮੀਨਾਂ ਨੂੰ ਬਿਲਕੁਲ ਨੁਕਸਾਨ ਨਹੀਂ ਪਹੁੰਚੇਗਾ, ਪਰ ਇਹ ਨਹੀਂ ਹੋ ਸਕਦਾ ਕਿ ਉਪਜਾਊ ਜ਼ਮੀਨਾਂ ਦਾ ਨੁਕਸਾਨ ਨਾ ਹੋਵੇ। ਇਲਾਕੇ ਦੇ ਲੋਕਾਂ ਦੇ ਮਨਾਂ 'ਚ ਇਸ ਮੁਤੱਲਕ ਸ਼ੰਕੇ ਹਨ ਜਿਨ੍ਹਾਂ ਨੂੰ ਉਂਝ ਹੀ ਰੱਦ ਨਹੀਂ ਕੀਤਾ ਜਾ ਸਕਦਾ। ਪੋਟਾਸ਼ ਮੁੱਲਵਾਨ ਕੁਦਰਤੀ ਸਰੋਤ ਹੈ ਅਤੇ ਇਹ ਤੱਥ ਹੈ ਕਿ ਰਾਜ 'ਚ ਸਿਰਫ ਰੇਤੇ ਦੀ ਖੁਦਾਈ ਤੋਂ ਇਲਾਵਾ ਹੋਰ ਖਣਨ ਨਹੀਂ ਹੁੰਦਾ। ਰੇਤੇ ਦੀ ਖੁਦਾਈ ਦਰਿਆਈ ਵਹਿਣਾਂ 'ਚੋਂ ਕੀਤੀ ਜਾਂਦੀ ਹੈ, ਪਰ ਦੇਖਣ 'ਚ ਆਇਆ ਹੈ ਕਿ ਅਕਸਰ ਅਣ-ਅਧਿਕਾਰਤ ਅਤੇ ਬੇਲੋੜੇ ਖਣਨ ਕਰਕੇ ਆਸ-ਪਾਸ ਦੀਆਂ ਖੇਤੀਯੋਗ ਜ਼ਮੀਨਾਂ ਅਤੇ ਜਲ ਸਰੋਤਾਂ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਪਹਿਲਾਂ ਹੀ ਭਾਰਤਮਾਲਾ ਅਤੇ ਹੋਰ ਰਾਜਮਾਰਗਾਂ ਹੇਠ ਬਹੁਤ ਸਾਰੀਆਂ ਜ਼ਮੀਨ ਆ ਚੁੱਕੀ ਹੈ। ਇਸ ਤੋਂ ਇਲਾਵਾ ਸ਼ਹਿਰਾਂ ਦੇ ਆਸ-ਪਾਸ ਰਿਹਾਇਸ਼ੀ ਕਾਲੋਨੀਆਂ ਦਾ ਬੇਰੋਕ ਵਿਸਤਾਰ ਹੋ ਰਿਹਾ ਹੈ, ਜਿਸ ਕਰਕੇ ਆਉਂ ਵਾਲੇ ਸਾਲਾਂ 'ਚ ਲੋਕਾਂ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਖੇਤੀਯੋਗ ਜ਼ਮੀਨ ਦਾ ਸੰਕਟ ਆ ਸਕਦਾ ਹੈ। ਇਸ ਦੇ ਮੱਦੇਨਜ਼ਰ ਪੰਜਾਬ ਨੂੰ ਆਪਣੀ ਖੇਤੀ ਯੋਗ ਜ਼ਮੀਨਾਂ ਅਤੇ ਪਾਣੀ ਦੇ ਸਰੋਤਾਂ ਨੂੰ ਸੰਭਾਲਣ, ਵਿਕਸਤ ਕਰਨ ਅਤੇ ਨਾਲ ਹੀ ਆਪਣੇ ਮਾਨਵੀ ਸਰੋਤਾਂ ਵੱਲ ਤਵੱਜੋ ਦੇਣ ਲਈ ਵਿਆਪਕ ਨੀਤੀ ਬਣਾਉਣ ਦੀ ਲੋੜ ਹੈ।

ਇਲਾਕੇ 'ਚ ਪੋਟਾਸ਼ ਦੇ ਸੰਭਾਵੀ ਖਣਨ ਦੇ ਮੱਦੇਨਜ਼ਰ ਪੰਜਾਬ ਦੇ ਖਣਨ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਮੌਮੇ 'ਤੇ ਪਹੁੰਚ ਕੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜ਼ਮੀਨਾਂ ਐਕੁਆਇਰ ਨਹੀਂ ਕੀਤੀਆਂ ਜਾਣਗੀਆਂ, ਪਰ ਲੋਕਾਂ ਨੂੰ ਮੰਤਰੀ ਦੇ ਜ਼ੁਬਾਨੀ ਭਰੋਸੇ 'ਤੇ ਇਤਬਾਰ ਨਹੀਂ ਹੈ ਅਤੇ ਲੋਕਾਂ ਨੇ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਨੂੰ ਲਿਖਤੀ ਭਰੋਸਾ ਦੇਣਾ ਚਾਹੀਦਾ ਹੈ। ਕਿਸਾਨਾਂ ਨੂੰ ਹਰ ਰੋਜ਼ ਨਵੀਆਂ-ਨਵੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਸਾਨ ਜਥੇਬੰਦੀਆਂ ਪਹਿਲਾਂ ਹੀ ਇਕ ਸਾਲ ਤੋਂ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਡੇਰੇ ਲਾਈ ਬੈਠੀਆਂ ਹਨ। ਕੇਂਦਰ ਸਰਕਾਰ ਕਿਸਾਨਾਂ ਦੀਆਂ 23 ਫਸਲਾਂ 'ਤੇ ਹੁਣ ਉੱਤੋਂ ਆਹ ਪੋਟਾਸ਼ ਵਾਲਾ ਸੱਪ ਨਿਕਲ ਆਇਆ ਹੈ। ਇਨ੍ਹਾਂ ਜ਼ਮੀਨਾਂ ਬਾਰੇ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਸਰਕਾਰ ਨੂੰ ਹਰ ਪੱਖ ਨੂੰ ਚੰਗੀ ਤਰ੍ਹਾਂ ਸਮਝਣ ਦੀ ਜ਼ਰੂਰਤ ਹੋਵੇਗੀ। ਸਰਕਾਰ ਨੂੰ ਇਸ ਮਸਲੇ ਸੰਬੰਧੀ ਕਿਸਾਨਾਂ ਨੂੰ ਭਰੋਸੇ 'ਚ ਲੈਣ ਤੋਂ ਬਾਅਦ ਹੀ ਕੋਈ ਕਦਮ ਚੁੱਕਣਾ ਚਾਹੀਦਾ ਹੈ।

# ਆਪਣੀ ਮਾਂ ਬੋਲੀ ਅਪਨਾਈਏ ਮਹਾਨ ਵਿਰਸੇ ਦੀਆਂ ਬਾਤਾਂ ਪਾਈਏ



ਪੰਜਾਬ ਸੰਸਾਰ ਦਾ ਇਕ ਅਜੇਹਾ ਖਿੱਤਾ ਹੈ ਜਿੱਥੇ ਸਭਿਅਤਾ ਵਿਕਸਤ ਹੋਈ। ਸੰਸਾਰ ਦੇ ਪਹਿਲੇ ਗ੍ਰੰਥ ਵੇਦ ਦੀ ਰਚਨਾ ਵੀ ਇਸੇ ਧਰਤੀ ਉੱਤੇ ਹੋਈ। ਇੱਥੇ ਹੀ ਪਵਿੱਤਰ ਰਮਾਇਣ ਅਤੇ ਗੀਤਾ ਦੀ ਰਚਨਾ ਹੋਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਇਸੇ ਧਰਤੀ ਉੱਤੇ ਹੋਈ। ਸੰਸਾਰ ਨੂੰ ਕਿਰਤ, ਇਮਾਨਦਾਰੀ, ਭਾਈਚਾਰਕ ਸਾਂਝ, ਸੰਤੋਖ ਆਦਿ ਦੀ ਸਿੱਖਿਆ ਦੇਣ ਵਾਲੇ ਸੂਬੇ ਦੇ ਲੋਕ ਆਪ ਇਸ ਤੋਂ ਬੇਮੁੱਖ ਹੋ ਰਹੇ ਹਨ। ਰਾਤੋ ਰਾਤ ਅਮੀਰ ਬਣਨ ਦੇ ਸੁਪਨੇ ਵੇਖਣ ਵਾਲੇ ਪੰਜਾਬੀ, ਰਿਸ਼ਵਤਖੋਰੀ, ਮਿਲਾਵਟ, ਹੇਰਾਫੇਰੀ ਅਤੇ ਨਸ਼ਿਆਂ ਦੇ ਵਿਉਪਾਰੀ ਬਣ ਰਹੇ ਹਨ। ਅਖੌਤੀ ਅੰਗਰੇਜ਼ੀ ਸਕੂਲਾਂ ਦੇ ਪ੍ਰਭਾਵ ਹੇਠ ਬੱਚੇ ਆਪਣੇ ਅਮੀਰ ਵਿਰਸੇ ਅਤੇ ਸਭਿਆਚਾਰ ਤੋਂ ਦੂਰ ਹੋ ਰਹੇ ਹਨ। ਇਸੇ ਕਰਕੇ ਉਨ੍ਹਾਂ ਵਿੱਚੋਂ ਮਿੱਟੀ ਦਾ ਮੋਹ, ਭਾਈਚਾਰਾ, ਆਪਸੀ ਪਿਆਰ ਖਤਮ ਹੋ ਰਿਹਾ ਹੈ। ਇਸ ਦੇ ਹੋਰ ਵੀ ਅਨੇਕਾਂ ਕਾਰਨ ਹੋਣਗੇ ਪਰ ਆਪਣੀ ਮਾਂ ਬੋਲੀ ਤੋਂ ਮੁੱਖ ਮੋੜਨਾ ਪ੍ਰਮੁੱਖ ਕਾਰਨ ਹੈ। ਆਪਣੇ ਅਮੀਰ ਵਿਰਸੇ, ਸਮਾਜਿਕ ਕਦਰਾਂ ਕੀਮਤਾਂ ਅਤੇ ਸੱਭਿਆਚਾਰ ਨਾਲ ਸਾਂਝ ਆਪਣੀ ਮਾਂ ਬੋਲੀ ਰਾਹੀਂ ਹੀ ਪਾਈ ਜਾ ਸਕਦੀ ਹੈ। ਸੰਸਾਰ ਦੇ ਵਿਕਸਤ ਦੇਸ਼ਾਂ ਦੇ ਵਿਕਾਸ ਬਾਰੇ ਜੇਕਰ ਘੋਖ ਕਰੀਏ ਤਾਂ ਪਤਾ ਚੱਲਦਾ ਹੈ ਕਿ ਉਹ ਆਪਣੀ ਮਾਂ ਬੋਲੀ ਰਾਹੀਂ ਹੀ ਪਾਈ ਜਾ ਸਕਦੀ ਹੈ। ਸੰਸਾਰ ਦੇ ਵਿਕਸਤ ਦੇਸ਼ਾਂ ਦੇ ਵਿਕਾਸ ਬਾਰੇ ਜੇਕਰ ਘੋਖ ਕਰੀਏ ਤਾਂ ਪਤਾ ਚੱਲਦਾ ਹੈ ਕਿ ਉਹ ਆਪਣੀ ਮਾਂ ਬੋਲੀ ਨਾਲ ਪਿਆਰ ਕਰਦੇ ਹਨ। ਸਾਰੀ ਪੜ੍ਹਾਈ ਮਾਤ ਭਾਸ਼ਾ ਵਿਚ ਹੋਣ ਕਰਕੇ ਉਨ੍ਹਾਂ ਦੀ ਸੋਚ ਕਿਸੇ ਬਾਹਰੀ ਪ੍ਰਭਾਵ ਦੀ ਗੁਲਾਮ ਨਹੀਂ ਹੈ ਸਗੋਂ ਉਹ ਆਪਣੀ ਲੋੜ ਅਨੁਸਾਰ ਅਵਿਸ਼ਕਾਰ ਕਰਦੇ ਹਨ।

ਪੰਜਾਬ ਦੇ ਸਕੂਲਾਂ ਵਿਚ ਅਜ਼ਾਦੀ ਪਿਛੋਂ ਜਦੋਂ ਮਾਂ ਬੋਲੀ ਪੰਜਾਬੀ ਵਿਚ ਪੜ੍ਹਾਈ ਸ਼ੁਰੂ ਕੀਤੀ ਗਈ ਤਾਂ ਪੰਜਾਬ ਨੇ ਤੇਜ਼ੀ ਨਾਲ ਵਿਕਾਸ ਸ਼ੁਰੂ ਕੀਤਾ। ਦੇਸ਼ ਦੀ ਵੰਡ ਦਾ ਸੰਤਾਪ ਭੋਗ ਚੁੱਕੇ ਸੂਬੇ ਦੇ ਲੋਕਾਂ ਨੇ ਆਪਣੀ ਹਿੰਮਤ ਨਾਲ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾ ਦਿੱਤਾ। ਪਰ ਜਦੋਂ ਤੋਂ ਇੱਥੇ ਅਖੌਤੀ ਅੰਗਰੇਜ਼ੀ ਸਕੂਲਾਂ ਦੀ ਗਿਣਤੀ ਵਿਚ ਵਾਧਾ ਹੋਣਾ ਸ਼ੁਰੂ ਹੋਇਆ ਤਾਂ ਅੰਗਰੇਜ਼ੀ ਦੇ ਪ੍ਰਭਾਵ ਹੇਠ ਪੰਜਾਬੀਆਂ ਨੇ ਆਪਣੀ ਮਾਂ ਬੋਲੀ ਪੰਜਾਬੀ ਦੇ ਵਿਕਾਸ ਵਿਚ ਨਿਘਾਰ ਆਉਣ ਲੱਗ ਪਿਆ। ਸੂਬੇ ਵਿਚ ਆਪਣੇ ਅਮੀਰ ਵਿਰਸੇ ਅਤੇ ਸਮਾਜਿਕ ਕਦਰਾਂ ਦੀ ਥਾਂ, ਵਿਖਾਵਾ, ਨਸ਼ਾ, ਰਿਸ਼ਵਤ, ਮਿਲਾਵਟਖੋਰੀ ਅਤੇ ਰਾਤੋਂ ਰਾਤ ਅਮੀਰ ਬਣਨ ਦੇ ਸੁਪਨਿਆ ਵਿਚ ਵਾਧਾ ਹੋਣਾ ਸ਼ੁਰੂ ਹੋਇਆ।

ਪੰਜਾਬੀ ਭਾਸ਼ਾ ਨੂੰ ਸੰਸਾਰ ਦੀਆਂ ਵਿਕਸਤ ਬੋਲੀਆਂ ਵਿਚ ਗਿਣਿਆ ਜਾਂਦਾ ਹੈ। ਬਾਰਵੀਂ ਸਦੀ ਵਿਚ ਬਾਬਾ ਫਰੀਦ ਦੀ ਜੀ ਬਾਣੀ ਪੰਜਾਬੀ ਸਾਹਿਤ ਦਾ ਉੱਤਮ ਨਮੂਨਾ ਹੈ ਪਰ ਬਦਕਿਸਮਤੀ ਹੈ ਕਿ ਪੰਜਾਬੀ ਨੂੰ ਪੰਜਾਬੀਆਂ ਨੇ ਹੀ ਪਰਾਈ ਬਣਾ ਦਿੱਤਾ ਹੈ। ਪੰਜਾਬੀਆਂ ਦਾ ਪੜ੍ਹਿਆਂ ਲਿਖਿਆ ਵਰਗ ਪੰਜਾਬ ਵਿਚ ਲਿਖਣ ਪੜ੍ਹਨ ਨੂੰ ਹੱਤਕ ਸਮਝਦਾ ਹੈ। ਉਨ੍ਹਾਂ ਆਪਣੇ ਬੱਚੇ ਅਖੌਤੀ ਅੰਗਰੇਜ਼ੀ ਸਕੂਲਾਂ ਵਿਚ ਦਾਖਲ ਕਰਵਾਏ ਹਨ। ਸਕੂਲ ਵਿਚ ਬੱਚਿਆਂ ਨੂੰ ਪੰਜਾਬੀ ਬੋਲਣ ਦੀ ਆਗਿਆ ਨਹੀਂ ਹੈ ਅਤੇ ਘਰ ਵਿਚ ਮਾਪੇ ਉਨ੍ਹਾਂ ਨਾਲ ਪੰਜਾਬੀ ਵਿਚ ਗੱਲਾਂ ਨਹੀਂ ਕਰਦੇ। ਇਸ ਦਾ ਨਤੀਜਾ ਹੈ ਕਿ ਸਾਡੀ ਨਵੀਂ ਪੀੜ੍ਹੀ ਆਪਣੇ ਵਿਰਸੇ ਅਤੇ ਕਦਰਾਂ ਕੀਮਤਾਂ ਤੋਂ ਦੂਰ ਹੋ ਰਹੀ ਹੈ। ਇਸੇ ਕਰਕੇ ਉਨ੍ਹਾਂ ਵਿਚ ਬੇਚੈਨੀ ਹੈ। ਪਰਿਵਾਰਿਕ ਸਾਂਝਾਂ ਟੁੱਟ ਰਹੀਆਂ ਹਨ। ਸਮਾਜ ਵਿਚ ਪੈਸਾ ਹੀ ਪ੍ਰਧਾਨ ਹੋ ਰਿਹਾ ਹੈ ਅਤੇ ਇਸ ਦੀ ਪ੍ਰਾਪਤੀ ਲਈ ਗਲਤ ਢੰਗ ਤਰੀਕੇ ਅਪਨਾਉਣ ਤੋਂ ਵੀ ਗੁਰੇਜ ਨਹੀਂ ਕੀਤਾ ਜਾ ਰਿਹਾ। ਆਪਣੀ ਬੇਚੈਨੀ ਨੂੰ ਦੂਰ ਕਰਨ ਲਈ ਸ਼ਰਾਬ ਅਤੇ ਦੂਜੇ ਨਸ਼ਿਆਂ ਦਾ ਸੇਵਨ ਵੱਧ ਰਿਹਾ ਹੈ। ਵਿਆਹ ਸਮਾਗਮਾਂ ਵਿਚ ਸ਼ਰਾਬ ਦਾ ਵਰਤਾਉਣਾ ਉੱਚੇ ਰੁੱਤਬੇ ਦਾ ਵਿਖਾਵਾ ਬਣ ਗਿਆ ਹੈ। ਆਪਣੇ ਸੂਬੇ ਪੰਜਾਬ ਦੀ ਪੰਜਾਬੀ ਨੂੰ ਰਾਜ ਭਾਸ਼ਾ ਬਣਾਉਣ ਲਈ ਲੰਮਾ ਸਮਾਂ ਘੋਲ ਕਰਨਾ ਪਿਆ। ਪੰਜਾਬ ਨੂੰ ਕੁਰਬਾਨ ਕਰਕੇ ਇਕ ਛੋਟਾ ਸੂਬਾ ਹੋਂਦ ਵਿਚ ਆਇਆ ਤਾਂ ਜੋ ਪੰਜਾਬੀ ਇਸ ਸੂਬੇ ਦੀ ਰਾਜ ਭਾਸ਼ਾ ਬਣਾਉਣ ਲਈ ਲੰਮਾਂ ਘੋਲ ਕਰਨਾ ਪਿਆ। ਮਹਾਂ ਪੰਜਾਬ ਨੂੰ ਕੁਰਬਾਨ ਕਰਕੇ ਇਕ ਛੋਟਾ ਸੂਬਾ ਹੋਂਦ ਵਿਚ ਆਇਆ ਤਾਂ ਜੋ ਪੰਜਾਬੀ ਇਸ ਸਿੱਖਣ ਦਾ ਯਤਨ ਕਰਦੇ ਹਨ।


ਡਾ. ਰਣਜੀਤ ਸਿੰਘ

ਇਸ ਦੇ ਨਾਲ ਪੰਜਾਬ ਦੇ ਪੜ੍ਹੇ ਲਿਖੇ ਲੋਕਾਂ ਨੇ ਵੀ ਪੰਜਾਬੀ ਦੀ ਵਰਤੋਂ ਨਹੀਂ ਕੀਤੀ। ਸਰਕਾਰ ਦੇ ਬਹੁਤੇ ਫਾਰਮ ਹੁਣ ਪੰਜਾਬੀ ਵਿਚ ਹਨ ਪਰ ਸਾਡੀ ਬਹੁਗਿਣਤੀ ਇਨ੍ਹਾਂ ਨੂੰ ਅੰਗਰੇਜ਼ੀ ਵਿਚ ਭਰਤੀ ਹੈ। ਡਾਕਘਰ ਤੇ ਬੈਂਕ ਵਿਚ ਅਸੀਂ ਪੰਜਾਬ ਦੀ ਵਰਤੋਂ ਨਹੀਂ ਕਰਦੇ। ਘਰਾਂ ਦੇ ਬਾਹਰ ਆਪਣੇ ਨਾਵਾਂ ਦੀ ਤਖਤੀਆਂ ਵੀ ਅੰਗਰੇਜ਼ੀ ਵਿਚ ਹੀ ਲਗਾਈਆਂ ਜਾਂਦੀਆਂ ਹਨ। ਦੇਸ਼ ਦਾ ਪੰਜਾਬ ਹੀ ਇਕ ਅਜੇਹਾ ਸੂਬਾ ਹੈ ਜਿੱਥੇ ਦੁਕਾਨਾਂ ਅਤੇ ਦਫਤਰਾਂ ਦੇ ਬਾਹਰ ਨਾਵਾਂ ਦੀਆਂ ਦੀਆਂ ਤਖਤੀਆਂ ਅੰਗਰੇਜ਼ੀ ਵਿਚ ਹਨ। ਵਿਆਹਾਂ ਦੇ ਬਹੁਤੇ ਸੱਦਾ ਪੱਤਰ ਵੀ ਅੰਗਰੇਜ਼ੀ ਵਿਚ ਲਿਖੇ ਜਾਂਦੇ ਹਨ। ਇਹ ਲੋਕ ਹੀ ਪੰਜਾਬੀ ਨਾਲ ਹੋ ਰਹੇ ਧੱਕੇ ਵਿਰੁੱਧ ਪ੍ਰਚਾਰ ਕਰਦੇ ਹਨ। ਸਾਰਾ ਦੋਸ਼ ਸਰਕਾਰ ਵਿਚ ਮੜ੍ਹਿਆ ਜਾਂਦਾ ਹੈ। ਜੇਕਰ ਸਾਡੇ ਬੱਚੇ ਸਕੂਲ ਵਿਚ ਪੰਜਾਬ ਪੜ੍ਹਨਗੇ ਤਾਂ ਉਹ ਜਦੋਂ ਸਰਕਾਰੀ ਨੌਕਰੀ ਕਰਨਗੇ ਕੁਦਰਤੀ ਹੈ ਕਿ ਪੰਜਾਬ ਵਿਚ ਆਪਣਾ ਕੰਮ ਕਰਨਗੇ। ਅਸੀਂ ਤਾਂ ਬੋਲੀ ਨੂੰ ਧਰਮ ਨਾਲ ਜੋੜ ਦਿੱਤਾ ਹੈ ਜਿਸ ਨਾਲ ਵੀ ਭਾਸ਼ਾ ਦਾ ਨੁਕਸਾਨ ਹੋ ਰਿਹਾ ਹੈ।

**ਮਾਤ ਭਾਸ਼ਾ ਰਾਹੀਂ ਮਨੁੱਖ ਆਪਣੀ ਸੋਚ ਨੂੰ ਸਹੀ ਢੰਗ ਨਾਲ ਪ੍ਰਦਰਸ਼ਿਤ ਕਰਦਾ ਹੈ। ਮਾਤ ਭਾਸ਼ਾ ਰਾਹੀਂ ਹੀ ਆਪਣੇ ਵਿਰਸੇ ਅਤੇ ਸਮਾਜਿਕ ਕਦਰਾਂ ਕੀਮਤਾਂ ਦੀ ਸੋਝੀ ਹੁੰਦੀ ਹੈ। ਪੰਜਾਬ ਅਜਿਹੀ ਭਾਸ਼ਾ ਹੈ ਜਿਸ ਨੂੰ ਪੰਜਾਬੀਆਂ ਨੇ ਹੀ ਨਕਾਰਿਆ ਹੈ। ਇਸ ਬਹੁਤ ਪੁਰਾਣੀ ਅਤੇ ਸਮਰੱਥ ਭਾਸ਼ਾ ਹੈ, ਪਰ ਇਸ ਨੂੰ ਕਦੇ ਕਿਸੇ ਸਰਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ। ਇਹ ਖੁਸ਼ਕਿਸਮਤੀ ਹੈ ਕਿ ਪੰਜਾਬੀ ਨੂੰ ਪੀਰਾਂ, ਫਕੀਰਾਂ, ਪੈਗੰਬਰਾਂ ਨੇ ਹੀ ਨਕਾਰਿਆ ਹੈ। ਇਹ ਬਹੁਤ ਪੁਰਾਣੀ ਅਤੇ ਸਮਰੱਥ ਭਾਸ਼ਾ ਹੈ, ਪਰ ਇਸ ਨੂੰ ਕਦੇ ਕਿਸੇ ਸਰਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ।**

ਮਾਤ ਭਾਸ਼ਾ ਰਾਹੀਂ ਮਨੁੱਖ ਆਪਣੀ ਸੋਚ ਨੂੰ ਸਹੀ ਢੰਗ ਨਾਲ ਪ੍ਰਦਰਸ਼ਿਤ ਕਰਦਾ ਹੈ। ਮਾਤ ਭਾਸ਼ਾ ਰਾਹੀਂ ਹੀ ਆਪਣੇ ਵਿਰਸੇ ਅਤੇ ਸਮਾਜਿਕ ਕਦਰਾਂ ਕੀਮਤਾਂ ਦੀ ਸੋਝੀ ਹੁੰਦੀ ਹੈ। ਪੰਜਾਬ ਅਜਿਹੀ ਭਾਸ਼ਾ ਹੈ ਜਿਸ ਨੂੰ ਪੰਜਾਬੀਆਂ ਨੇ ਹੀ ਨਕਾਰਿਆ ਹੈ। ਇਸ ਬਹੁਤ ਪੁਰਾਣੀ ਅਤੇ ਸਮਰੱਥ ਭਾਸ਼ਾ ਹੈ, ਪਰ ਇਸ ਨੂੰ ਕਦੇ ਕਿਸੇ ਸਰਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ। ਇਹ ਖੁਸ਼ਕਿਸਮਤੀ ਹੈ ਕਿ ਪੰਜਾਬੀ ਨੂੰ ਪੀਰਾਂ, ਫਕੀਰਾਂ, ਪੈਗੰਬਰਾਂ ਨੇ ਹੀ ਨਕਾਰਿਆ ਹੈ। ਇਹ ਬਹੁਤ ਪੁਰਾਣੀ ਅਤੇ ਸਮਰੱਥ ਭਾਸ਼ਾ ਹੈ, ਪਰ ਇਸ ਨੂੰ ਕਦੇ ਕਿਸੇ ਸਰਕਾਰ ਦੀ ਸਰਪ੍ਰਸਤੀ ਹਾਸਲ ਨਹੀਂ ਹੋਈ। ਇਹ ਖੁਸ਼ਕਿਸਮਤੀ ਹੈ ਕਿ ਪੰਜਾਬੀ ਨੂੰ ਪੀਰਾਂ, ਫਕੀਰਾਂ, ਪੈਗੰਬਰਾਂ ਅਤੇ ਗੁਰੂਆਂ ਦੀ ਸਰਪ੍ਰਸਤੀ ਪ੍ਰਾਪਤ ਹੋਈ ਹੈ, ਸ਼ਾਇਦ ਇਸ ਕਰਕੇ ਆਪਣਿਆਂ ਵੱਲੋਂ ਨਕਾਰਨ ਪਿੱਛੋਂ ਵੀ ਇਹ ਵਧਦੀ ਫੁੱਲਦੀ ਰਹੀ ਹੈ। ਦਰਅਸਲ, ਇਸ ਬੋਲੀ ਅਤੇ ਪੰਜਾਬੀ ਸਭਿਆਚਾਰ ਨੂੰ ਪੰਜਾਬ ਦੇ ਪਿੰਡਾਂ ਨੇ ਹੀ ਸੰਭਾਲਿਆ ਸੀ ਪਰ ਵਿਦੇਸ਼ਾਂ ਦੀ ਖਿੱਚ ਕਰਕੇ ਹੁਣ ਪਿੰਡ ਵਾਸੀਆਂ ਨੇ ਵੀ ਪੰਜਾਬੀ ਸਭਿਆਚਾਰ ਤੋਂ ਦੂਰ ਹੋਣਾ ਸ਼ੁਰੂ ਕਰ ਦਿੱਤਾ ਹੈ। ਹੁਣ ਪਿੰਡਾਂ ਵਿਚ ਥਾਂ ਥਾਂ ਅਖੌਤੀ ਅੰਗਰੇਜ਼ੀ ਸਕੂਲ ਖੁੱਲ ਗਏ ਹਨ।

ਪੰਜਾਬੀਆਂ ਦਾ ਇਕ ਹਿੱਸਾ ਲਿਖਣ ਪੜ੍ਹਤ, ਧਾਰਮਿਕ ਰਸਮੋ ਰਿਵਾਜ ਅਤੇ ਆਪਣੇ ਧਾਰਮਿਕ ਸਥਾਨਾਂ ਉੱਤੇ ਹਿੰਦੀ ਹੀ ਹੀ ਵਰਤੋਂ ਕਰਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬੋਲੀ ਅਤੇ ਸਭਿਆਚਾਰਕ ਦੇ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਦੀ ਲੋੜ ਹੈ, ਪਰ ਇਹ ਵੀ ਜ਼ਰੂਰੀ ਕਿ ਲੋਕ ਆਪਣੀ ਭਾਸ਼ਾ ਨੂੰ ਅਪਨਾਉਣ ਲਈ ਆਪ ਪਹਿਲ ਕਰਨ। ਰੱਜਵੀਂ ਰੋਟੀ ਖਾਣ ਵਾਲੇ ਘਰਾਂ ਦੇ ਬੱਚੇ ਪੰਜਾਬੀ ਪੜ੍ਹਦੇ ਹੀ ਨਹੀਂ। ਉਨ੍ਹਾਂ ਨਾਲ ਅਸੀਂ ਘਰਾਂ ਤੇ ਸਕੂਲਾਂ ਅੰਦਰ ਅੰਗਰੇਜ਼ੀ ਜਾਂ ਹਿੰਦੀ ਵਿਚ ਗੱਲ ਕਰਦੇ ਹਾਂ। ਦਰਅਸਲ, ਅੰਗਰੇਜ਼ੀ ਦੇ ਪ੍ਰਭਾਵ ਵਿਚ ਆਏ ਮਾਪੇ ਬੱਚਿਆਂ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਹੋਣ ਨਹੀਂ ਦਿੰਦੇ। ਸੋਚ ਦੀਆਂ ਉਡਾਰੀਆਂ ਤੇ ਮੁੱਡਲਾ ਗਿਆਨ ਆਪਣੀ ਮਾਂ ਬੋਲੀ ਰਾਹੀਂ ਪ੍ਰਾਪਤ ਹੋ ਸਕਦੇ ਸਨ। ਪੰਜਾਬੀ ਜਮਾਤ ਵਿਚ ਪਹੁੰਚੇ ਬੱਚੇ ਨੂੰ ਸੋਝੀ ਆ ਜਾਂਦੀ ਹੈ ਤੇ ਵਿਦੇਸ਼ੀ ਭਾਸ਼ਾ ਉਹ ਸਹਿਜ ਨਾਲ ਸਿੱਖ ਸਕਦਾ ਹੈ। ਦੇਸ਼ ਦੇ ਵੱਡੇ ਵੱਡੇ ਆਗੂਆਂ ਨੇ ਵੀ ਅੰਗਰੇਜ਼ੀ ਪੰਜਵੀਂ ਜਮਾਤ ਵਿਚ ਆ ਕੇ ਸਿੱਖਣੀ ਸ਼ੁਰੂ ਕੀਤੀ, ਪਰ ਉਹ ਅੰਗਰੇਜ਼ੀ ਵਿਚ ਕਿਸੇ ਪਾਸਿਉਂ ਘੱਟ ਨਹੀਂ ਹਨ। ਅੱਜ ਦੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹੇ ਬੱਚੇ ਅੰਗਰੇਜ਼ੀ ਬੋਲ ਤਾ ਸਕਦੇ ਹਨ ਪਰ ਸ਼ੁੱਧ ਅੰਗਰੇਜ਼ੀ ਲਿਖਣ ਤੋਂ ਅਸਮਰੱਥ ਹਨ। ਦਰਅਸਲ, ਉਹ ਆਪਣੀਆਂ ਸੋਚਾਂ ਤੇ ਭਾਵਨਾਵਾਂ ਨੂੰ ਉਜਾਗਰ ਕਰ ਹੀ ਨਹੀਂ ਸਕਦੇ ਕਿਉਂਕਿ ਅੰਗਰੇਜ਼ੀ ਵਿਚ ਇਹ ਹੋਣਾ ਔਖਾ ਹੈ ਅਤੇ ਆਪਣੀ ਬੋਲੀ ਉਨ੍ਹਾਂ ਨੂੰ ਆਉਂਦੀ ਨਹੀਂ।

ਇਸੇ ਕਰਕੇ ਅਸੀਂ ਜੁਗਾੜੀ ਤਾਂ ਬਣ ਗਏ ਹਾਂ, ਪਰ ਵਧੀਆ ਵਿਗਿਆਨੀ ਨਹੀਂ ਬਣ ਸਕੇ। ਸੂਬੇ ਦੀਆਂ ਬਹੁਤੀਆਂ ਮੁਸ਼ਕਿਲਾਂ ਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਆਪਣੀਆਂ ਸਮੱਸਿਆਵਾਂ ਨੂੰ ਸੁਲਝਾਉਣ ਲਈ ਢੁੱਕਵੇਂ ਵਿਗਿਆਨਕ ਢੰਗ ਵਿਕਸਿਤ ਨਹੀਂ ਕਰ ਸਕੇ। ਪੰਜਾਬ ਨੂੰ ਵਿਕਾਸ ਦੇ ਅਗਲੇ ਪੜਾਅ'ਤੇ ਲਿਜਾਣ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਬੋਲੀ ਵਿਚ ਸੋਚੀਏ ਤੇ ਆਪਣੇ ਸਭਿਆਚਾਰ ਆਧਾਰਿਤ ਵਿਕਾਸ ਦੀਆਂ ਯੋਜਨਾਵਾਂ ਉਲੀਕੀਏ।

ਇਸ ਦੇ ਨਾਲ ਹੀ ਬੋਲੀ ਦੇ ਆਧਾਰ 'ਤੇ ਬਣੇ ਸੂਬੇ ਦੀ ਸਰਕਾਰ ਦਾ ਫਰਜ਼ ਹੈ ਕਿ ਉਹ ਪੰਜਾਬੀ ਬੋਲੀ ਅਤੇ ਸਭਿਆਚਾਰ ਨੂੰ ਵਿਕਾਸਿਤ ਕਰੇ। ਸਾਰੇ ਸਰਕਾਰੀ ਕੰਮਕਾਜੀ ਪੰਜਾਬੀ ਵਿਚ ਕੀਤੇ ਜਾਣ ਅਤੇ ਪੰਜਾਬੀ ਗੀਤ ਸੰਗੀਤ ਵਿਚ ਵੱਧ ਰਹੇ ਲੱਚਰਪੁਣੇ ਨੂੰ ਠੱਲ੍ਹ ਪਾਈ ਜਾਵੇ। ਪੰਜਾਬ ਸਰਕਾਰ ਨੇ ਅਜੇਹਾ ਕਰਨ ਦੇ ਐਲਾਨ ਤਾਂ ਕੀਤੇ ਹਨ ਪਰ ਸਫਲਤਾ ਕਿਤਨੀ ਪ੍ਰਾਪਤ ਹੁੰਦੀ ਹੈ ਇਹ ਤਾਂ ਸਮਾਂ ਹੀ ਦੱਸੇਗਾ। ਬੋਲੀ ਅਤੇ ਸੱਭਿਆਚਾਰ ਉਦੋਂ ਹੀ ਵਿਕਸਿਤ ਹੋ ਸਕਣਗੇ ਜਦੋਂ ਪੰਜਾਬ ਆਪ ਆਪਣੀ ਬੋਲੀ ਨੂੰ ਆਪਣੇ ਰੋਜ਼ਾਨਾ ਦੇ ਕੰਮਕਾਜ ਵਿਚ ਵਰਤੋਂ ਕਰਨਗੇ। ਘਰਾਂ, ਦਫਤਰਾਂ ਅਤੇ ਦੁਕਾਨਾਂ ਦੇ ਬਾਹਰ ਬੋਰਡ ਪੰਜਾਬੀ ਵਿਚ ਲਗਾਏ ਜਾਣ। ਸਰਕਾਰੀ ਫਾਰਮ ਅਤੇ ਹੋਰ ਚਿੱਠੀ ਪੱਤਰ ਪੰਜਾਬੀ ਵਿਚ ਕੀਤਾ ਜਾਵੇ। ਬੈਂਕਾਂ ਤੇ ਡਾਕਘਰਾਂ ਵਿਚ ਫਾਰਮ ਤੇ ਚੈੱਕ ਪੰਜਾਬੀ ਵਿਚ ਲਿਖੇ ਜਾਣ।



ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜੀਏ। ਬੇਸ਼ੱਕ ਇਨ੍ਹਾਂ ਸਕੂਲਾਂ ਵਿਚ ਸਕੂਲਾਂ ਦੀ ਘਾਟ ਹੈ, ਪਰ ਅਧਿਆਪਕ ਵੱਧ ਪੜ੍ਹੇ ਲਿਖੇ ਅਤੇ ਵੱਧ ਤਨਖਾਹ ਲੈਂਦੇ ਹਨ। ਜੇਕਰ ਵੱਡੇ ਘਰਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿਚ ਜਾਣਗੇ ਤਾਂ ਅਧਿਆਪਕ ਵੀ ਪੂਰੀ ਸੰਜੀਦਗੀ ਨਾਲ ਆਪਣੀ ਡਿਊਟੀ ਨਿਭਾਉਣਗੇ। ਡਾ. ਮਨਮੋਹਨ ਸਿੰਘ ਅਤੇ ਡਾ. ਅਦਬੁਲ ਕਲਾਮ ਪਿੰਡਾਂ ਦੇ ਸਰਕਾਰੀ ਸਕੂਲਾਂ ਵਿਚ ਹੀ ਪੜ੍ਹੇ ਸਨ। ਬੱਚਿਆਂ ਨੂੰ ਲੋੜ ਤੋਂ ਵੱਧ ਸਹੂਲਤਾਂ ਦੇਣਾ ਵੀ ਠੀਕ ਨਹੀਂ, ਉਹ ਸੋਹਲ ਬਣ ਰਹੇ ਹਨ, ਉਹ ਸੋਹਲ ਬਣ ਰਹੇ ਹਨ ਤੇ ਮਿਹਨਤ ਕਰਨ ਤੋਂ ਕੰਨੀ ਕਤਰਾਉਣ ਲੱਗ ਜਾਂਦੇ ਹਨ। ਸਰਕਾਰ ਸਕੂਲਾਂ ਵੱਲ ਵਿਸ਼ੇਸ਼ ਧਿਆਨ ਦੇਵੇ ਤਾਂ ਜੋ ਅਖੌਤੀ ਅੰਗਰੇਜ਼ੀ ਸਕੂਲਾਂ ਵੱਲੋਂ ਮਾਪਿਆਂਦਾ ਮੁੱਖ ਮੋਲਿਆ ਜਾ ਸਕੇ। ਆਪਣੀ ਭਾਸ਼ਾ ਨੂੰ ਬਚਾ ਕੇ ਹੀ ਆਪਣਾ ਸਭਿਆਚਾਰ ਬਚਾਇਆ ਜਾ ਸਕਦਾ ਹੈ। ਨਵੀਂ ਸਕਰਾਰ ਨੇ ਸਰਕਾਰੀ ਸਕੂਲਾਂ ਨੂੰ ਵਧੀਆ ਬਣਾਉਣ ਦਾ ਬੀੜਾ ਚੁੱਕਿਆ ਹੈ। ਇਸ ਪਾਸੇ ਪਹਿਲ ਦੇ ਅਧਾਰ ਉੱਤੇ ਯਤਨ ਕਰਨ ਦੀ ਲੋੜ ਹੈ। ਜਦੋਂ ਸਰਕਾਰੀ ਸਕੂਲ ਸਮੇਂ ਦੇ ਹਾਣੀ ਬਣ ਗਏ ਤਾਂ ਮਾਪੇ ਆਪਣੇ ਆਪ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਭੇਜਣਾ ਸ਼ੁਰੂ ਕਰ ਦੇਣਗੇ। ਸਾਡੇ ਧਾਰਮਿਕ ਆਗੂ ਅਤੇ ਸਮਾਜ ਸੇਵਕ ਇਸ ਪਾਸੇ ਅਹਿਮ ਭੂਮਿਕਾ ਨਿਭਾ ਸਕਦੇ ਹਨ। ਜਦੋਂ ਤੱਕ ਪੰਜਾਬੀ ਆਪਣੀ ਬੋਲੀ ਨੂੰ ਅਪਨਾ ਨਹੀਂ ਲੈਂਦੇ ਉਦੋਂ ਤੱਕ ਉਨ੍ਹਾਂ ਨੂੰ ਪੰਜਾਬੀ ਸਭਿਆਚਾਰ, ਪੰਜਾਬ ਦੇ ਗੌਰਵਮਈ ਇਤਿਹਾਸ ਅਤੇ ਪੰਜਾਬੀ ਕਦਰਾਂ-ਕੀਮਤਾਂ ਤੋਂ ਦੂਰ ਹੋਣਾ ਹੈ। ਬੱਚਿਆਂ ਨੂੰ ਮਾਂ-ਬੋਲੀ ਪੜ੍ਹਾਈਏ, ਉਨ੍ਹਾਂ ਨਾਲ ਆਪਣੇ ਗੌਰਵਮਈ ਵਿਰਸੇ ਦੀਆਂ ਬਾਤਾਂ ਪਾਈਏ ਅਤੇ ਸਮਾਜਿਕ ਕਦਰਾਂ-ਕੀਮਤਾਂ ਨਾਲ ਜੋੜੀਏ।



**ਦਵਿੰਦਰ ਸ਼ਰਮਾ,**
**ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ, 273, ਸੈਕਟਰ-54, ਮੁਹਾਲੀ-160055**
**ਮੋ. 08171030033**

### ਅੱਠਵੇਂ ਤਨਖਾਹ ਕਮਿਸ਼ਨ ਦੇ ਐਲਾਨ ਤੋਂ ਬਾਅਦ

# ਕਿਸਾਨਾਂ ਤੇ ਮਜ਼ਦੂਰਾਂ ਦਾ ਵੀ ਧਿਆਨ ਰੱਖੇ ਕੇਂਦਰ ਸਰਕਾਰ

ਮੈਂ ਕਾਫੀ ਸਮੇਂ ਤੋਂ ਸੋਚਦਾ ਸੀ ਕਿ 'ਫਿਟਮੈਂਟ ਫੈਕਟਰ' ਇਕ ਕਿਸਮ ਦੀ ਗ੍ਰੇਡਿੰਗ ਜਾਂ ਮਿਆਰ ਹੈ, ਜਿਵੇਂ ਇਕ ਜਿੰਮ ਵਿਚ ਫਿਟਨੈੱਸ ਦੇ ਸ਼ੌਕੀਨਾਂ ਦੁਆਰਾ ਚੰਗੀ ਸਿਹਤ ਪ੍ਰਾਪਤ ਕਰਨ ਦੀ ਉਮੀਦ ਨਾਲ ਕਸਰਤ ਕੀਤੀ ਜਾਂਦੀ ਹੈ, ਪਰ 8ਵੇਂ ਤਨਖਾਹ ਕਮਿਸ਼ਨ ਦਾ ਐਲਾਨ ਹੋਣ ਨਾਲ ਮੈਨੂੰ ਅਹਿਸਾਸ ਹੋਇਆ ਕਿ ਫਿਟਮੈਂਟ ਫੈਕਟਰ ਦਾ ਜਿੰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜਿਵੇਂ ਦਿਵਾਲੀਆਪਨ ਦੀ ਕਾਰਵਾਈ ਦੇ ਸਮੇਂ ਮੂਲ ਕਰਜ਼ੇ ਦੀ ਰਕਮ



ਤੋਂ ਕੀਤੀ ਗਈ ਕਟੌਤੀ ਨੂੰ ਵਿੱਤੀ ਪ੍ਰਬੰਧ (ਫਾਈਨਾਂਸ) ਵਿਚ 'ਹੇਅਰਕੱਟ' ਕਹਿੰਦੇ ਹਨ, ਉਸ ਤਰ੍ਹਾਂ 'ਫਿਟਮੈਂਟ ਫੈਕਟਰ' ਇਕ ਸਾਧਾਰਨ ਫਾਰਮੂਲਾ ਹੈ, ਜੋ ਇਹ ਦਰਸਾਉਣ ਲਈ ਤਿਆਰ ਕੀਤਾ ਗਿਆ ਹੈ ਕਿ ਤਨਖਾਹ ਸੋਧਾਂ ਸਮੇਂ ਕਰਮਚਾਰੀਆਂ ਦੀ ਤਨਖਾਹ ਵਿਚ ਕਿੰਨੇ ਫੀਸਦੀ ਵਾਧਾ ਕੀਤਾ ਜਾਣਾ ਚਾਹੀਦਾ ਹੈ। ਮੈਨੂੰ ਥੋੜ੍ਹੀ ਹੋਰ ਖੋਜ ਕਰਨ 'ਤੇ ਪਤਾ ਲੱਗਾ ਕਿ 6ਵੇਂ ਤਨਖਾਹ ਕਮਿਸ਼ਨ ਦੌਰਾਨ 1.86 ਫੀਸਦੀ ਦਾ ਫਿਟਮੈਂਟ ਫੈਕਟਰ ਲਾਗੂ ਕੀਤਾ ਗਿਆ ਸੀ, ਜਦਕਿ 7ਵੇਂ ਤਨਖਾਹ ਕਮਿਸ਼ਨ ਵਿਚ 2.57 ਦੇ ਫਿਟਮੈਂਟ ਫੈਕਟਰ ਦੀ ਵਰਤੋਂ ਕਰਨ ਨਾਲ ਇਕ ਸਰਕਾਰੀ ਕਰਮਚਾਰੀ ਦੀ ਘੱਟੋ-ਘੱਟ ਮੂਲ ਤਨਖਾਹ 7000 ਰੁਪਏ ਤੋਂ ਵੱਧ ਕੇ 18,000 ਰੁਪਏ ਪ੍ਰਤੀ ਮਹੀਨਾ ਹੋ ਗਈ ਸੀ।

ਹਾਲਾਂਕਿ ਇਹ ਕਹਿਣਾ ਬਹੁਤ ਜਲਦਬਾਜ਼ੀ ਹੋਵੇਗੀ ਕਿ ਨਵੇਂ ਗਠਿਤ 8ਵੇਂ ਤਨਖਾਹ ਕਮਿਸ਼ਨ ਦੁਆਰਾ ਤਨਖਾਹਾਂ ਵਿਚ ਵਾਧਾ ਕਰਨ ਵਾਲਾ ਫਿਟਮੈਂਟ ਫੈਕਟਰ ਕੀ ਹੋਵੇਗਾ, ਪਰ ਆਮ ਤੌਰ 'ਤੇ ਮੰਨਿਆ ਜਾ ਰਿਹਾ ਹੈ ਕਿ ਇਸ ਨਾਲ ਮੂਲ (ਬੇਸਿਕ) ਤੇ 'ਗ੍ਰੇਡ ਪੇ' ਤਨਖਾਹਾਂ 'ਚ 2.28 ਤੋਂ 2.86 ਗੁਣਾ ਦੇ ਵਾਧੇ ਹੋਣ ਦਾ ਅਨੁਮਾਨ ਹੈ। ਜੇ ਅਜਿਹਾ ਹੁੰਦਾ ਹੈ ਤਾਂ ਘੱਟੋ-ਘੱਟ ਤਨਖਾਹਾਂ 41,000 ਰੁਪਏ ਤੋਂ 51,480 ਰੁਪਏ ਪ੍ਰਤੀ ਮਹੀਨੇ ਦੇ ਵਿਚਕਾਰ ਕਿਤੇ ਵੀ ਵਧ ਸਕਦੀਆਂ ਹਨ। ਇਸੇ ਤਰ੍ਹਾਂ ਪੈਨਸ਼ਨਾਂ ਵੀ ਘੱਟੋ-ਘੱਟ 9000 ਰੁਪਏ ਤੋਂ 21,500 ਤੇ 25,000 ਰੁਪਏ ਪ੍ਰਤੀ ਮਹੀਨੇ ਵਿਚਕਾਰ ਵਧ ਸਕਦੀਆਂ ਹਨ, ਘੱਟੋ-ਘੱਟ ਮੀਡੀਆ ਇਹੀ ਅੰਦਾਜ਼ਾ ਲਗਾ ਰਿਹਾ ਹੈ। ਹਾਲਾਂਕਿ ਕਰਮਚਾਰੀ 3.68 ਦੇ ਫਿਟਮੈਂਟ ਫੈਕਟਰ ਨੂੰ ਲਾਗੂ ਕਰਨ ਦੀ ਮੰਗ ਕਰ ਰਹੇ ਹਨ, ਜਿਸ ਦਾ ਅਰਥ ਹੈ ਕਿ ਮੂਲ ਤਨਖਾਹਾਂ ਵਿਚ ਹੋਰ ਵੀ ਜ਼ਿਆਦਾ ਵਾਧਾ ਹੋ ਸਕਦਾ ਹੈ। ਦਰਅਸਲ ਫਿਟਮੈਂਟ ਸਰਕਾਰੀ ਕਰਮਚਾਰੀਆਂ ਤੇ ਪੈਨਸ਼ਨਰਾਂ ਦੀ ਤਨਖਾਹ ਨੂੰ ਵਧਦੀ ਮਹਿੰਗਾਈ ਦੇ ਅਨੁਸਾਰੀ ਰੱਖਣ ਦਾ ਇਕ ਮਹੱਤਵਪੂਰਨ ਸਾਧਨ ਹੈ। ਇਹ ਮੂਲ ਤਨਖਾਹ ਨੂੰ ਇਕ ਖਾਸ ਗੁਣਾਂਕ ਦੁਆਰਾ ਵਧਾ ਕੇ ਨਵੇਂ ਤਨਖਾਹ ਮਾਪਦੰਡ (ਸਕੇਲ) ਵਿਚ ਐਡਜਸਟ ਕਰਦਾ ਹੈ, ਜਿਸ ਦਾ ਕੁੱਲ ਤਨਖਾਹ ਤੇ ਪੈਨਸ਼ਨਾਂ 'ਤੇ ਸਿੱਧਾ ਪ੍ਰਭਾਵ ਪੈਂਦਾ ਹੈ। ਇਕ ਵਿਆਖਿਆਕਾਰ ਐਮ.ਐਸ.ਐਨ. ਪੋਰਟਲ 'ਤੇ ਆਖਦਾ ਹੈ ਕਿ ਇਹ ਮਾਧਿਅਮ ਕਰਮਚਾਰੀਆਂ ਦੀ ਖਰੀਦ ਸ਼ਕਤੀ ਨੂੰ ਯਕੀਨੀ ਬਣਾਈ ਰੱਖ ਕੇ ਉਨ੍ਹਾਂ ਦੀ ਆਰਥਿਕ ਸਥਿਤੀ 'ਚ ਸੁਧਾਰ ਕਰਦਾ ਹੈ, ਜੋ ਯਕੀਨੀ ਤੌਰ 'ਤੇ ਸਵਾਗਤਯੋਗ ਹੈ। ਇਕ ਅਜਿਹਾ ਤੰਤਰ (ਮੈਕੇਨਿਜ਼ਮ) ਹੋਣਾ ਚਾਹੀਦਾ ਹੈ, ਜੋ ਕਰਮਚਾਰੀਆਂ ਦੇ ਉੱਜਵਲ ਆਰਥਿਕ ਭਵਿੱਖ ਨੂੰ ਯਕੀਨੀ ਬਣਾਏ। ਫਿਟਮੈਂਟ ਫੈਕਟਰ ਯਕੀਨੀ ਤੌਰ 'ਤੇ ਕਰਮਚਾਰੀਆਂ ਦੇ ਜੀਵਨ ਨੂੰ ਸੁਖਾਲਾ ਬਣਾਉਣ 'ਚ ਮਦਦ ਕਰਦਾ ਹੈ।

ਇਸ 'ਚ ਵੱਡਾ ਸਵਾਲ ਇਹ ਹੈ ਕਿ 8ਵੇਂ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਤੋਂ ਬਾਅਦ ਹਰ ਸਾਲ ਤਨਖਾਹ ਵਾਧੇ ਨਾਲ ਕਿੰਨਾ ਵਾਧੂ ਬੋਝ ਪਵੇਗਾ। ਜਦੋਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਤੇ ਪੈਨਸ਼ਨਰਾਂ ਲਈ 8ਵਾਂ ਤਨਖਾਹ ਕਮਿਸ਼ਨ ਦੇਸ਼ ਭਰ 'ਚ ਲਾਗੂ ਹੋਣ 'ਤੇ ਹਰ ਸਾਲ 2 ਲੱਖ ਕਰੋੜ ਰੁਪਏ ਦੇ ਵਾਧੂ ਖਰਚ ਤੋਂ ਕਿਤੇ ਵੱਧ ਬੋਝ ਪੈਣ ਦੀ ਉਮੀਦ ਹੈ। ਕ੍ਰੈਡਿਟ ਸੂਈਸ ਦੇ ਇਕ ਅਧਿਐਨ ਅਨੁਸਾਰ 7ਵੇਂ ਤਨਖਾਹ ਕਮਿਸ਼ਨ ਦੇ ਨਤੀਜੇ ਵਜੋਂ ਹਰ ਸਾਲ 4.5 ਲੱਖ ਤੋਂ 4.8 ਲੱਖ ਕਰੋੜ ਰੁਪਏ ਦਾ ਵਾਧੂ ਵਿੱਤੀ ਬੋਝ ਪਿਆ ਸੀ, ਜਦਕਿ ਨਵੇਂ ਤਨਖਾਹ ਕਮਿਸ਼ਨ ਦੇ ਲਾਗੂ ਹੋਣ ਨਾਲ ਕੁੱਲ ਖਰਚ ਮੁਕਾਬਲਤਨ ਹੋਰ ਜ਼ਿਆਦਾ ਹੋਵੇਗਾ ਤੇ ਇਹ 6 ਲੱਖ ਕਰੋੜ ਰੁਪਏ ਜਾਂ ਇਸ ਤੋਂ ਵੀ ਵੱਧ ਹੋ ਸਕਦਾ ਹੈ। 8ਵੇਂ ਤਨਖਾਹ ਕਮਿਸ਼ਨ ਤੋਂ ਸਰਕਾਰੀ ਕਰਮਚਾਰੀਆਂ ਨੂੰ ਹੋਣ ਵਾਲੇ ਆਰਥਿਕ ਲਾਭ ਨੂੰ ਵੇਖਿਆ ਜਾਵੇ ਤਾਂ ਇਸ ਦਾ ਲਾਭ ਵੱਧ ਤੋਂ ਵੱਧ 4 ਤੋਂ 5 ਫੀਸਦੀ ਆਬਾਦੀ ਨੂੰ ਹੀ ਹੋਵੇਗਾ। ਹੁਣ ਇਹ ਯਕੀਨੀ ਬਣਾਉਣ ਦਾ ਸਮਾਂ ਹੈ ਕਿ ਸਮਾਜ ਦੇ ਹੋਰ ਵਰਗ ਖਾਸ ਕਰਕੇ ਬਹੁਗਿਣਤੀ ਆਬਾਦੀ ਮਜ਼ਦੂਰਾਂ ਤੇ ਕਿਸਾਨਾਂ ਨੂੰ ਪਿੱਛੇ ਨਾ ਛੱਡ ਦਿੱਤਾ ਜਾਵੇ।

ਫਿਟਮੈਂਟ ਫੈਕਟਰ ਇਹ ਯਕੀਨੀ ਬਣਾਉਂਦਾ ਹੈ ਕਿ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਚੰਗੀ ਤਰ੍ਹਾਂ ਧਿਆਨ ਰੱਖਿਆ ਜਾਵੇ, ਪਰ ਸਮਾਜ ਦੇ ਹੋਰ ਵਰਗਾਂ ਨੂੰ ਮਿਨਾਰ (ਪਿਰਾਮਿਡ) ਦੇ ਹੇਠਲੇ ਹਿੱਸੇ ਥੱਲੇ ਨਹੀਂ ਛੱਡਿਆ ਜਾ ਸਕਦਾ। ਅਸੰਗਠਿਤ ਖੇਤਰ 'ਚ ਆਉਂਦੀਆਂ ਪੇਂਡੂ ਤਨਖਾਹਾਂ ਵਿਚ ਵੀ ਤੁਲਨਾਤਮਿਕ ਵਾਧਾ ਹੋਣਾ ਚਾਹੀਦਾ ਹੈ। ਜਦੋਂ ਕਰਮਚਾਰੀਆਂ ਲਈ ਫਿਟਮੈਂਟ ਫੈਕਟਰ ਦੀ ਉਦਾਰ ਵਰਤੋਂ ਜਾਇਜ਼ ਹੈ ਤਾਂ ਮਨਰੇਗਾ ਵਰਕਰਾਂ ਲਈ ਇਕ ਢੁਕਵੇਂ ਫਾਰਮੂਲੇ ਨੂੰ ਫਿਟਨੈੱਸ (ਫਿਟਮੈਂਟ ਨਹੀ) ਫੈਕਟਰ ਕਿਉਂ ਨਹੀਂ ਕਿਹਾ ਜਾ ਸਕਦਾ? ਮਨਰੇਗਾ ਵਰਕਰਾਂ ਲਈ ਵਿੱਤੀ ਸਾਲ 2024 ਵਾਸਤੇ ਸੋਧਿਆ ਅਨੁਮਾਨ 86,000 ਕਰੋੜ ਰੁਪਏ ਹੈ, ਜੋ ਕਿ ਕੁੱਲ ਬਜਟ ਦਾ ਸਿਰਫ 1.78 ਫੀਸਦੀ ਹੈ। ਇਸ ਵਿਚ ਹੋਰ ਜ਼ਿਆਦਾ ਵਾਧਾ ਕਰਨ ਦੀ ਲੋੜ ਹੈ ਅਤੇ ਇਸ ਨੂੰ ਅਨਚਾਹੇ ਬੋਝ ਵਜੋਂ ਨਹੀਂ ਵੇਖਿਆ ਜਾਣਾ ਚਾਹੀਦਾ, ਹਾਲਾਂਕਿ ਜੇਕਰ ਮਨਰੇਗਾ ਕਾਮਿਆਂ ਦੀ ਉਜਰਤ 'ਚ ਸਰਕਾਰੀ ਕਰਮਚਾਰੀਆਂ ਦੇ ਅਨੁਪਾਤ ਅਨੁਸਾਰ ਵਾਧਾ ਹੋ ਜਾਵੇ ਤਾਂ ਇਹ ਆਰਥਿਕ ਰੂਪ 'ਚ ਬਹੁਤ ਹੀ ਫਾਇਦੇਮੰਦ ਹੋਵੇਗਾ। ਇਸ ਨਾਲ 100 ਦਿਨਾਂ ਦੇ ਗਾਰੰਟੀਸ਼ੁਦਾ ਰੁਜ਼ਗਾਰ ਲਈ ਉੱਚ ਨਿਊਨਤਮ ਮਜ਼ਦੂਰੀ ਯਕੀਨੀ ਤੌਰ 'ਤੇ ਪੇਂਡੂ ਮੰਗ ਵਿਚ ਵਾਧਾ ਕਰੇਗੀ, ਜਿਸ ਨਾਲ ਸੰਮਿਲਤ



(ਇਨਕਲੂਸਿਵ) ਵਿਕਾਸ ਹੋਵੇਗਾ।

ਇਸੇ ਤਰ੍ਹਾਂ ਭਵਿੱਖ ਵਿਚ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਨਿਰਧਾਰਤ ਕਰਨ ਲਈ ਇਕ ਫਿਟਨੈੱਸ ਫੈਕਟਰ ਪੇਸ਼ ਕੀਤੇ ਜਾਣ ਦੀ ਲੋੜ ਹੈ। ਹੁਣ ਕਿਸਾਨਾਂ ਨੂੰ ਏ.2+ਐਫ.ਐਲ. ਫਾਰਮੂਲੇ ਦੇ ਆਧਾਰ 'ਤੇ ਐਮ ਐਸ ਪੀ ਮਿਲਦੀ ਹੈ, ਜਦਕਿ ਕਿਸਾਨ ਖੇਤੀ ਉਤਪਾਦਨ 'ਤੇ ਆਉਣ ਵਾਲੀ ਲਾਗਤ ਅਤੇ ਪਰਿਵਾਰਕ ਕਿਰਤ ਦੀ ਲਾਗਤ ਦੇ ਆਧਾਰ 'ਤੇ ਸਵਾਮੀਨਾਥਨ ਕਮਿਸ਼ਨ ਦੀ ਸਿਫਾਰਸ਼ ਅਨੁਸਾਰ ਐਮ ਐਸ ਪੀ ਦੇਣ ਦੀ ਮੰਗ ਕਰ ਰਹੇ ਹਨ। ਕਿਸਾਨਾਂ ਦੀ ਮੰਗ ਹੈ ਕਿ ਐਮ ਐਸ ਪੀ ਨੂੰ ਸੀ.2+50 ਫੀਸਦੀ ਫਾਰਮੂਲੇ ਦੇ ਅਨੁਸਾਰ ਤੈਅ ਕੀਤਾ ਜਾਣਾ ਚਾਹੀਦਾ ਹੈ, ਜਿਸ ਦਾ ਅਰਥ ਹੈ ਕਿ ਵਿਆਪਕ ਲਾਗਤ ਅਤੇ 50 ਫੀਸਦੀ ਲਾਭ ਦੇ ਆਧਾਰ 'ਤੇ ਫਸਲ ਦੀ ਕੀਮਤ ਨਿਰਧਾਰਤ ਕੀਤੀ ਜਾਵੇ, ਪਰ ਇਹ ਦੇਖਦੇ ਹੋਏ ਕਿ ਜਦੋਂ 79 ਫੀਸਦੀ ਕਿਸਾਨਾਂ ਨੂੰ ਇਹ ਵੀ ਨਹੀਂ ਪਤਾ ਕਿ ਐਮ ਐਸ ਪੀ ਕੀ ਹੈ ਤੇ ਕਿਵੇਂ ਕੰਮ ਕਰਦਾ ਹੈ (ਸ਼ਰਦ ਪਵਾਰ ਨੇ ਇਕ ਵਾਰ ਟਿੱਪਣੀ ਕੀਤੀ ਸੀ)। ਮੇਰਾ ਅੰਦਾਜ਼ਾ ਹੈ ਕਿ ਵੱਡੇ ਪੱਧਰ 'ਤੇ ਕਿਸਾਨਾਂ ਨੂੰ ਇਸ ਬਾਰੇ ਵੀ ਫਿਟਨੈਸ ਫੈਕਟਰ ਕਿਵੇਂ ਕੰਮ ਕਰਦਾ ਹੈ।

ਖੇਤੀਬਾੜੀ ਪਰਿਵਾਰਾਂ ਲਈ 2019 ਵਿਚ ਕੀਤੇ ਗਏ ਤਾਜ਼ਾ ਸਥਿਤੀ ਮੁਲਾਂਕਣ ਸਰਵੇਖਣ ਦੇ ਨਤੀਜਿਆਂ ਦੇ ਅਨੁਸਾਰ ਇਕ ਕਿਸਾਨ ਪਰਿਵਾਰ ਦੀ ਔਸਤ ਮਾਸਿਕ ਆਮਦਨ 10,218 ਰੁਪਏ ਸੀ। ਜਦਕਿ ਇਕ ਔਸਤ ਖੇਤੀਬਾੜੀ ਪਰਿਵਾਰ ਵਿਚ 5 ਮੈਂਬਰ ਹੁੰਦੇ, ਇਹ ਇਕ ਪਰਿਵਾਰ ਦੀ ਸੰਯੁਕਤ ਆਮਦਨ ਹੈ ਅਤੇ ਜਿਸ ਦਾ ਇਕ ਪਰਿਵਾਰਕ ਮੈਂਬਰ ਚਾਹ ਦੀ ਦੁਕਾਨ ਚਲਾ ਰਿਹਾ ਜਾਂ ਰੋਜ਼ਾਨਾ ਮਜ਼ਦੂਰੀ ਕਰਨ ਵਾਲਾ ਹੋ ਸਕਦਾ ਹੈ। ਜਿਵੇਂ ਕਿ ਅਕਸਰ ਜ਼ਿਕਰ ਕੀਤਾ ਜਾਂਦਾ ਹੈ ਕਿ ਇਕੱਲੇ ਖੇਤੀ ਕਾਰਜਾਂ ਤੋਂ ਔਸਤ ਆਮਦਨ (ਕਿਸੇ ਵੀ ਗੈਰ-ਖੇਤੀ ਆਮਦਨ ਨੂੰ ਜੋੜੇ ਬਿਨਾਂ) ਪ੍ਰਤੀ ਦਿਨ ਸਿਰਫ 27 ਰੁਪਏ ਆਉਂਦੀ ਹੈ। ਕਿਰਤ ਅੰਕੜੇ ਸਮੇਂ-ਸਮੇਂ 'ਤੇ ਪਿੰਡਾਂ ਵਿਚ ਵਧ ਰਹੇ ਉਲਟ ਪ੍ਰਵਾਸ ਨੂੰ ਦਰਸਾਉਂਦੇ ਹਨ, ਜਿਸ ਕਰਕੇ ਖੇਤੀਬਾੜੀ ਵਾਧੂ ਦਬਾਅ ਹੇਠ ਆ ਰਹੀ ਹੈ। ਪਹਿਲਾਂ ਦੇ ਅਧਿਐਨ ਦਰਸਾਉਂਦੇ ਹਨ ਕਿ ਪਿਛਲੇ 5 ਸਾਲਾਂ ਦੌਰਾਨ ਲਗਭਗ 7 ਕਰੋੜ ਕਾਮੇ ਪਿੰਡਾਂ ਵਿਚ ਵਾਪਸ ਚਲੇ ਗਏ ਹਨ, ਜੋ ਖੇਤੀ ਲਈ ਬਜਟ ਸਹਾਇਤਾ ਵਧਾਉਣ ਦੀ ਵਧਦੀ ਲੋੜ ਨੂੰ ਦਰਸਾਉਂਦੇ ਹਨ। ਕਰਮਚਾਰੀਆਂ ਲਈ ਪਹਿਲਾਂ ਤੋਂ ਹੀ ਸਥਾਪਿਤ ਫਿਟਮੈਂਟ ਫੈਕਟਰ ਤੋਂ ਕਿਸਾਨਾਂ ਤੇ ਮਜ਼ਦੂਰਾਂ ਲਈ ਇਕ ਫਿਟਮੈਂਟ ਫੈਕਟਰ ਸ਼ੁਰੂ ਕਰਨ ਨਾਲ ਆਰਥਿਕ ਪਾੜੇ ਨੂੰ ਦੂਰ ਕਰਨ ਵਿਚ ਯਕੀਨਨ ਮਦਦ ਮਿਲੇਗੀ। ਇਹ ਮੌਜੂਦਾ ਆਮਦਨ ਅਸਮਾਨਤਾ ਤੋਂ ਵਧੇਰੇ ਸੰਮਿਲਤ ਆਮਦਨ ਸਮਾਨਤਾ ਵੱਲ ਵਧਣ ਵਿਚ ਮਦਦ ਕਰਦਿਆਂ 'ਸਬ ਕਾ ਸਾਥ ਸਭ ਕਾ ਵਿਕਾਸ' ਦ੍ਰਿਸ਼ਟੀਕੋਣ (ਵਿਜ਼ਨ) ਨੂੰ ਪ੍ਰਾਪਤ ਕਰਨ ਲਈ ਇਕ ਨਿਸਚਿਤ ਮਾਰਗ ਤਿਆਰ ਕਰੇਗਾ।

## ਬੇਜ਼ਬਾਨ ਜਾਨਵਰਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਹੌਂਸਲਾ ਦੇਣਾ ਸਾਡਾ ਸਾਰਿਆਂ ਦਾ ਹੱਕ ਬਣਦਾ ਹੈ

ਕਈ ਲੋਕਾਂ ਨੇ ਸਮਾਜ ਵਿਚ ਰਹਿ ਕੇ ਅਜਿਹੀਆਂ ਸੰਸਥਾਵਾਂ ਦਾ ਸੰਗਠਨ ਕੀਤਾ ਹੈ ਜਿਨ੍ਹਾਂ ਦਾ ਨਿਸ਼ਾਨਾ ਬੇਜ਼ੁਬਾਨ, ਬੇਸਹਾਰਾ ਜਾਨਵਰਾਂ ਦੀ ਸੇਵਾ ਕਰਨਾ ਹੈ। ਉਹ ਮਨੁੱਖਤਾ ਦੀ ਸੇਵਾ, ਧਾਰਮਿਕ ਸੇਵਾ ਤੋਂ ਇਲਾਵਾ ਜਾਨਵਰਾਂ ਦੀ ਸੇਵਾ ਕਰਦੇ ਹਨ। ਅਜਿਹੇ ਖਿੱਤਿਆਂ ਵਿਚ ਲਗਾਤਾਰ ਨਿਰੰਤਰ ਸੇਵਾ ਵਿਚ ਉਹ ਲੋਕ ਜੁਟੇ ਹੋਏ ਹਨ। ਪਸ਼ੂ ਪੰਛੀਆਂ ਦੀਆਂ ਸੇਵਾ ਨਿਭਾ ਰਹੀਆਂ ਹਨ। ਕਈ ਸੰਸਥਾਵਾਂ ਸੇਵਾ ਖੇਤਰ ਵਿਚ ਪੂਰੀ ਤਰ੍ਹਾਂ ਸਰਗਰਮ ਹਨ। ਸੜਕਾਂ ਤੇ ਜ਼ਖਮੀ ਪਏ ਬੇਜ਼ੁਬਾਨ, ਬੇਸਹਾਰਾ ਜਾਨਵਰਾਂ ਦਾ ਐਕਸੀਡੈਂਟ ਦੌਰਾਨ ਇਲਾਜ ਦਾ ਸਹਾਰਾ ਬਣਦੇ ਹਨ ਅਤੇ ਉਹਨਾਂ ਦਾ ਖਾਣ ਪੀਣ ਦਾ ਇੰਤਜ਼ਾਮ ਕਰਦੇ ਹਨ। ਨਾਮਨਾ ਖੱਟ ਰਹੀ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਰ ਢੋਲਵਾਹਾਂ ਜਨੌੜੀ ਦੇ ਪ੍ਰਧਾਨ ਅਰਵਿੰਦ ਠਾਕੁਰ ਦੀ ਅਗਵਾਈ ਵਿਚ ਇਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਵਿਚ ਮਾਂ ਮਾਤੇਸ਼ਵਰੀ ਚਿੰਤਪੁਰਨੀ ਮੰਦਰ ਦੇ ਸੰਸਥਾਪਕ ਅਤੇ ਮੰਦਰ ਕਮੇਟੀ ਦੇ ਸਰਪ੍ਰਸਤ ਠਾਕੁਰ ਰਵੀ ਗਾਂਧੀ, ਵਾਇਰਲੈਸ ਸੈਕਿੰਡ ਈਨਿੰਗ ਹੋਮਟੀਮ ਦੇ ਪ੍ਰਧਾਨ ਨਵੀਨ ਗਰੋਵਰ, ਡਾ. ਪ੍ਰਦੀਪ, ਇੰਦਰਜੀਤ, ਹਰਵਿੰਦਰ ਕੌਰ, ਮੋਨਿਕਾ ਜੋਸ਼ੀ ਮਨਦੀਪ ਪ੍ਰਿਆ ਚੋਪੜਾ ਅੰਜਲੀ, ਅਮਨ ਇਸ਼ਾਨ ਕਮਲਦੀਪ ਗੋਲੂ ਖਾਰਸ਼ ਕੁਮਾਰ ਤੋਂ ਇਲਾਵਾ ਹੋਰ ਵੱਖ ਵੱਖ ਸੰਸਥਾਵਾਂ ਦੇ ਆਗੂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਪਤਾ ਲੱਗਿਆ ਕਈ ਸੰਸਥਾਵਾਂ ਬੇਜ਼ਬਾਨ ਬੇਸਹਾਰਾ ਪਸ਼ੂ ਪੰਛੀਆਂ ਦੀ ਨਿਰੰਤਰ ਸੇਵਾ ਕਰਨ ਵਿਚ ਜੁੱਟੀਆਂ ਹਨ। ਉਹਨਾਂ ਸੰਸਥਾਵਾਂ ਨੂੰ ਵੀ ਹੌਸਲਾ ਅਫਜਾਈ ਕਰਨਾ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਅਤੇ ਇਹਨਾਂ ਸੰਸਥਾਵਾਂ ਦੀ ਸ਼ਲਾਘਾ ਕਰਨੀ ਬਣਦੀ ਹੈ। ਬੇਜ਼ਬਾਨ ਜ਼ਖਮੀ ਪਸ਼ੂ ਪੰਛੀਆਂ ਦੀ ਸੇਵਾ ਕਰਨਾ ਰੱਬ ਦੀ ਪੂਜਾ ਕਰਨ ਬਰਾਬਰ ਹੈ। ਇਹ ਇਕ ਮਹਾਪੁਨ ਹੈ। ਜਿਹੜੀਆਂ ਸੰਸਥਾਵਾਂ ਜੋ ਭਲੇ ਦਾ ਕਾਰਜ ਕਰਦੀਆਂ ਉਹ ਪ੍ਰਸ਼ੰਸਾ ਯੋਗ ਹਨ। ਇਹਨਾਂ ਦਾ ਸਨਮਾਨ ਕਰਨਾ ਸਮਾਜ ਦਾ ਮੁੱਢਲਾ ਫਰਜ ਹੈ।

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ,**
**ਪਿੰਡ ਝੱਤਰੇ, ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028 ਮੋ: 7814490249**



# ਆਲਮੀ ਤਪਸ਼ ਦੇ ਵਧਦੇ ਖਤਰੇ

ਕੰਵਲਪ੍ਰੀਤ ਕੌਰ ਥਿੰਦ,
ਮੋ. 98155-24349

ਮਨੁੱਖੀ ਸੰਸਕ੍ਰਿਤੀ ਤੇ ਸਭਿਅਤਾ ਦੇ ਵਿਕਾਸ ਨਾਲ ਖੇਤੀਬਾੜੀ ਤੇ ਹੋਰ ਕਲਾਵਾਂ ਦਾ ਵੀ ਵਿਕਾਸ ਹੋਇਆ। ਪੱਥਰਾਂ ਦੇ ਔਜ਼ਾਰਾਂ ਦੀ ਥਾਂ ਲੋਹੇ ਤੇ ਹੋਰ ਧਾਤਾਂ ਨੇ ਲੈ ਲਈ। ਜਨਸੰਖਿਆ ਵਧਣ ਦੇ ਨਾਲ-ਨਾਲ ਇੱਕ ਸੰਗਠਿਤ 'ਤੇ ਟਿਕਾਊ ਸਮੂਦਾਇਕ ਜੀਵਨ ਦਾ ਆਰੰਭ ਹੋ ਗਿਆ। ਮਨੁੱਖੀ ਜ਼ਰੂਰਤਾਂ ਦਾ ਦਾਇਰਾ ਵੀ ਵੱਡਾ ਹੋਣ ਲੱਗਾ, ਜਿਸ ਸਦਕਾ ਖੇਤੀਬਾੜੀ ਤੇ ਹੋਰ ਧੰਦੇ-ਤਰਖਾਣੀ, ਲੁਹਾਰੀ, ਦੁਕਾਨਦਾਰੀ ਅਤੇ ਵਪਾਰ ਹੋਂਦ ਵਿਚ ਆ ਗਏ। ਪਿੰਡਾਂ ਤੋਂ ਸ਼ਹਿਰਾਂ ਦਾ ਨਿਰਮਾਣ ਹੋਣਾ ਸ਼ੁਰੂ ਹੋ ਗਿਆ। ਆਵਾਜਾਈ ਤੇ ਸੰਚਾਰ ਦੇ ਸਾਧਨਾਂ ਨੇ ਮਨੁੱਖ ਦੀ ਸਮਾਜ ਵਿਚ ਵਪਾਰਕ ਸਾਂਝ ਨੂੰ ਹੋਰ ਵੀ ਪ੍ਰਭਾਵਿਤ ਕੀਤਾ। ਇਸ ਤਰ੍ਹਾਂ ਵਪਾਰਕ ਖੇਤਰ ਵਿਚ ਮਨੁੱਖ ਨੇ ਕਦਮ ਵਧਾਇਆ ਜੋ ਕਿ ਉਦਯੋਗੀਕਰਨ, ਮਸ਼ੀਨੀਕਰਨ, ਸ਼ਹਿਰੀਕਰਨ ਤੇ ਤਕਨੀਕੀ ਵਿਕਾਸ ਦੇ ਨਾਂ 'ਤੇ ਅਜੇ ਵੀ ਜਾਰੀ ਹੈ। ਸਮੇਂ ਦੇ ਨਾਲ-ਨਾਲ ਉਸਦੀ ਕਿਰਤ ਤੇ ਸੋਚਣ ਸਮਝਣ ਦੀ ਵਰਤੋਂ ਆਪਣੇ ਸੁਖਮਈ ਅਤੇ ਅਰਾਮਪ੍ਰਸਤ ਜੀਵਨ ਜਿਊਣ ਲਈ ਕਰਨੀ ਸ਼ੁਰੂ ਕਰ ਦਿੱਤੀ। ਵਿਗਿਆਨ ਤੇ ਤਕਨੀਕੀ ਵਿਕਾਸ ਨੇ ਸਮਾਜਿਕ ਤਰੱਕੀ ਵਿਚ ਅਹਿਮ ਭੂਮਿਕਾ ਨਿਭਾਈ। ਇਕ ਪਹੀਏ ਦੀ ਖੋਜ ਤੋਂ ਲੈ ਕੇ ਹੁਣ ਤੱਕ ਦਾ ਸਫਰ ਪੂਰਾ ਕਰਨ ਲਈ ਕਈ ਦਹਾਕੇ ਲੱਗੇ ਤੇ ਯੁੱਗ ਬਦਲੇ। ਬਰਫ ਨਾਲ ਲੱਦੇ ਪਹਾੜ, ਖੂਬਸੂਰਤ ਵਾਦੀਆਂ, ਝਰਨੇ, ਨਦੀਆਂ, ਝੀਲਾਂ, ਜੰਗਲੀ ਜੀਵ ਰੁੱਖਾਂ, ਜੜ੍ਹੀ-ਬੂਟੀਆਂ, ਹਵਾ ਨਾਲ ਗੱਲਾਂ ਕਰਦੇ ਰੁੱਖਾਂ, ਜੀਵ-ਜੰਤੂਆਂ ਆਦਿ ਕੁਦਰਤੀ ਸਾਧਨਾਂ ਦੀ ਭਰਮਾਰ ਕੁਦਰਤ ਵੱਲੋਂ ਮਨੁੱਖ ਨੂੰ ਬਖਸ਼ਿਆ ਗਿਆ ਖੂਬਸੂਰਤ ਅਤੇ ਅਨਮੋਲ ਤੋਹਫਾ ਹੈ। ਜਿਸ ਦਾ ਕੋਈ ਹੋਰ ਫੇਰ ਬਦਲ ਨਹੀਂ ਹੈ ਅਤੇ ਨਾ ਹੀ ਆਉਣ ਵਾਲੇ ਸਮੇਂ ਵਿਚ ਹੋ ਸਕਦਾ ਹੈ।

**ਕੁਦਰਤੀ ਸਰੋਤਾਂ ਦੀ ਪਲੀਤੀ** : ਕੁਦਰਤੀ ਨਜ਼ਾਰਿਆਂ ਨੂੰ ਪੂਰਨ ਰੂਪ ਵਿਚ ਮਾਨਣਾ ਤੇ ਵਰਤਣਾ ਬਾਕੀ ਜੀਵ-ਜੰਤੂਆਂ ਦੀ ਤਰ੍ਹਾਂ ਮਨੁੱਖ ਦੇ ਹਿੱਸੇ ਵੀ ਆਇਆ ਹੈ। ਪਰ ਮਨੁੱਖ ਨੇ ਇਨ੍ਹਾਂ ਸਰੋਤਾਂ ਦੀ ਯੋਗ ਵਰਤੋਂ ਨਾ ਕਰ ਕੇ ਆਪਣੀ ਖੁਦਗਰਜੀ



ਤੇ ਲਾਲਸਾ ਸਦਕਾ ਦੁਰਵਰਤੋਂ ਸ਼ੁਰੂ ਕਰ ਦਿੱਤੀ। ਮਨੁੱਖ ਨੇ ਆਪਣੀ ਸੋਚਣ ਸਮਝਣ ਦੀ ਸਮਰੱਥਾ ਸਦਕਾ ਕਈ ਤਰ੍ਹਾਂ ਦੀਆਂ ਸਹੂਲਤਾਂ ਵੀ ਪੈਦਾ ਕੀਤੀਆਂ ਪਰ ਨਾਲ ਦੀ ਨਾਲ ਇਨ੍ਹਾਂ ਸਰੋਤਾਂ ਨੂੰ ਪਲੀਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਜਿਸ ਦਾ ਖਮਿਆਜਾ ਅਸੀਂ ਭੁਗਤ ਵੀ ਰਹੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਹੋਰ ਵੀ ਭਿਆਨਕ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਖਬਾਰ ਦੇ ਪੰਨੇ 'ਤੇ ਇਹ ਸ਼ਬਦ ਇਕ ਖਾਸ ਸਖਸ਼ੀਅਤ ਦੇ ਉਕਰੇ ਹੋਏ ਸਨ ਕਿ ਹੁਣ ਗਲੋਬਲ ਵਾਰਮਿੰਗ ਲਈ ਬਲਕਿ ਗਲੋਬਲ ਉੱਡਣ ਦਾ ਸਮਾਂ ਆ ਗਿਆ ਹੈ। ਕੁਦਰਤੀ ਛੇੜਛਾੜ ਨੇ ਕਿਤੇ ਹੜ੍ਹ ਤੇ ਕਿਤੇ ਸੋਕੇ ਵਰਗੇ ਹਾਲਾਤ ਪੈਦਾ ਕਰ ਦਿੱਤੇ ਹਨ। ਇਸ ਲਈ ਅਜੇ ਵੀ ਸੰਭਾਲਿਆ ਜਾ ਸਕਦਾ ਹੈ, ਜੇ ਕੁਦਰਤੀ ਸਰੋਤਾਂ ਦੀ ਲੁੱਟ-ਖਸੁੱਟ ਤੇ ਵਿਸ਼ਰਾਮ ਚਿੰਨ੍ਹ ਲਗਾ ਲਈਏ। ਯਕੀਨਨ ਹੀ ਸ਼ਹਿਰੀਕਰਨ, ਉਦਯੋਗੀਕਰਨ, ਆਧੁਨਿਕੀਕਰਨ ਤੇ ਮਸ਼ੀਨੀਕਰਨ ਵਜੋਂ ਜੰਗਲੀ ਆਵਾਸ ਸਥਾਨ ਜਾਂ ਹੋਰ ਖੇਤੀ ਪ੍ਰਧਾਨ ਸਥਾਨ ਲਗਾਤਾਰ ਰਿਹਾਇਸ਼ੀ ਕਲੋਨੀਆਂ ਵਿਚ ਤਬਦੀਲੀ ਹੁੰਦੇ ਜਾ ਰਹੇ ਹਨ। ਰੁੱਖਾਂ ਦੀ ਕਟਾਈ ਦਾ ਸਿਲਸਿਲਾ ਸੜਕੀ ਆਵਾਜਾਈ ਜਾਂ ਹੋਰ ਕਾਰਨਾਂ ਕਰਕੇ ਲਗਾਤਾਰ ਜਾਰੀ ਹੈ ਜੋ ਕਿ ਬੜਾ ਹੀ ਘਾਤਕ ਹੈ। ਅਸੀਂ ਭਲੀ ਭਾਂਤ ਜਾਣੂ ਹਾਂ ਕਿ ਧਰਤੀ 'ਤੇ ਜੀਵ ਜੰਤੂਆਂ ਦੀ ਜੀਵਨ ਸ਼ੈਲੀ ਦਾ ਆਧਾਰ ਕੁਦਰਤੀ ਸੰਤੁਲਨ ਹੈ ਜੋ ਕਿ ਸਾਰੇ ਬ੍ਰਹਿਮੰਡ ਦੀ ਕਾਰਜਸ਼ੀਲਤਾ ਦਾ ਮੂਲ ਆਧਾਰ ਹੈ। ਗ੍ਰਹਿਆਂ ਦਾ ਆਪਣੇ ਪੱਥ ਵਿਚ ਰਹਿ ਕੇ ਚੱਕਰ ਲਗਾਉਣਾ, ਧਰਤੀ ਦਾ ਆਪਣੇ ਧੁਰੇ ਦੁਆਲੇ ਘੁੰਮਣਾ, ਸੂਰਜ ਦਾ ਚੜ੍ਹਨਾ ਤੇ ਛਿਪਣਾ, ਰੁੱਤਾਂ ਦਾ ਬਦਲਣਾ, ਦਿਨ-ਰਾਤ ਦਾ ਬਣਨਾ, ਸਮੇਂ ਦਾ ਨਿਰੰਤਰ ਗਤੀਸ਼ੀਲੀ ਹੋਣਾ ਆਦਿ ਕੁਦਰਤੀ ਵਰਤਾਰੇ ਆਪਣੀ ਚਾਲ ਵਿਚ ਚੱਲ ਰਹੇ ਹਨ।

**ਗ੍ਰੀਨ ਹਾਊਸ ਗੈਸਾਂ 'ਚ ਵਾਧਾ** : ਜੇ ਅਜੋਕੇ ਸਮੇਂ ਵੱਲ ਝਾਤੀ ਮਾਰੀਆਂ ਤਾਂ ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ ਦੇ ਨਾਲ-ਨਾਲ ਮਿੱਟੀ ਵੀ ਪ੍ਰਦੂਸ਼ਿਤ ਹੁੰਦੀ ਜਾ ਰਹੀ ਹੈ। ਲਗਾਤਾਰ ਵਾਯੂਮੰਡਲ ਵਿਚ ਕਾਰਬਨਡਾਈਆਕਸਾਈਡ ਵਧਦੀ ਜਾ ਰਹੀ ਹੈ, ਜਿਸ ਕਾਰਨ ਵਾਯੂਮੰਡਲ ਦਾ ਤਾਪਮਾਨ ਵੱਧਦਾ ਜਾ ਰਿਹਾ ਹੈ। ਤਾਪਮਾਨ ਦੇ ਵਾਧੇ ਦੇ ਕਾਰਨ ਗਲੇਸ਼ੀਅਰ ਪਿਘਲਣੇ ਸ਼ੁਰੂ ਹੋ ਗਏ ਹਨ। ਜੇ ਇਸ ਤਰ੍ਹਾਂ ਦੀ ਚਲਦਾ ਰਿਹਾ ਤਾਂ 2050 ਤੱਕ ਧਰਤੀ ਦੇ ਤਾਮਪਾਨ ਵਿਚ ਲਗਾਤਾਰ 2 ਸੈਂਟੀਗ੍ਰੇਡ ਤੱਕ ਦਾ ਵਾਧਾ ਹੋ ਸਕਦਾ ਹੈ। ਇਸ ਲਈ ਬੇਹੱਦ ਜ਼ਰੂਰੀ ਹੈ ਧਰਤੀ ਦੇ ਵੱਧ ਰਹੇ ਤਾਪਮਾਨ 'ਤੇ ਕਾਬੂ ਪਾਉਣਾ। ਤਪਸ਼ ਵਧਣ ਦੇ ਨਾਲ-ਨਾਲ ਹੋਰ ਕੁਦਰਤੀ ਆਫਤਾਂ ਜਿਵੇਂ-ਤੇਜ਼ ਹਵਾਵਾਂ, ਝੱਖੜ, ਹੜ੍ਹ, ਪਾਣੀ ਦੇ ਪੱਧਰ ਦੇ ਵਧਣ ਕਾਰਨ ਸਮੁੰਦਰੀ ਤੱਟਾਂ ਦੇ ਨੇੜਲੇ ਇਲਾਕਿਆਂ ਦਾ ਡੁੱਬਣਾ, ਸੋਮਾ ਆਦਿ ਵਰਤਾਰਿਆਂ ਵਿਚ ਪਹਿਲਾਂ ਨਾਲੋਂ ਵਾਧਾ ਹੋ ਜਾਵੇਗਾ। ਵਾਯੂਮੰਡਲੀ ਤਾਪਮਾਨ ਵਿਚ ਵਾਧੇ ਦਾ ਕਾਰਨ ਗ੍ਰੀਨ ਹਾਊਸ ਗੈਸਾਂ ਹਨ। ਹਵਾ ਵਿਚ 78 ਫੀਸਦੀ ਨਾਈਟ੍ਰੋਜਨ, 21 ਫੀਸਦੀ ਆਕਸੀਜਨ, 0.93 ਫੀਸਦੀ ਆਰਗਨ, 0.04 ਫੀਸਦੀ ਕਾਰਬਨਡਾਈਆਕਸਾਈਡ, 0.03 ਫੀਸਦੀ ਹੋਰ ਗੈਸਾਂ-ਨੀਆਨ, ਹੀਲੀਅਮ, ਮੀਥੇਨ, ਕਰਿਪਟਾਨ, ਹਾਈਡ੍ਰੋਜਨ ਤੇ ਜਲਵਾਸ਼ਪ ਹਨ। ਇਹ ਗੈਸਾਂ ਸੂਰਜੀ ਕਿਰਨਾਂ ਨੂੰ ਪਰਾਵਰਤਿਤ ਕਰ ਕੇ ਧਰਤੀ ਦੇ ਤਾਪਮਾਨ ਵਿਚ ਵਾਧਾ ਕਰਦੀਆਂ ਹਨ। ਜੇ ਇਹ ਗੈਸਾਂ ਮੌਜੂਦ ਨਾ ਹੋਣ ਤਾਂ ਧਰਤੀ ਦਾ ਤਾਪਮਾਨ ਮਨਫੀ ਹੋ ਜਾਵੇਗਾ। ਇਹ ਤਾਪਮਾਨ ਨੂੰ ਨਿਰੰਤਰ ਰੱਖਦੀਆਂ ਹਨ ਜਿਸ ਕਰਕੇ ਹਰਿਆਵਲ ਹੈ ਜੋ ਕਿ ਜੈਵਿਕ ਆਧਾਰ ਲਈ ਮੁੱਢਲੀ ਜ਼ਰੂਰਤ ਹੈ। ਜੈਵਿਕ ਮਤਲਬ ਜੀਵ-ਜੰਤੂ, ਪੇੜ-ਪੌਦੇ ਹਨ। ਇਸ ਲਈ ਇਨ੍ਹਾਂ ਗੈਸਾਂ ਨੂੰ ਗ੍ਰੀਨ ਹਾਊਸ ਗੈਸਾਂ ਜਾਂ ਹਰਾ ਗ੍ਰਹਿ ਪ੍ਰਭਾਵ ਗੈਸਾਂ ਵੀ ਕਿਹਾ ਜਾਂਦਾ ਹੈ। ਪਰ ਕੁਦਰਤੀ ਸੰਤੁਲਨ ਵਿਚ ਵਿਗਾੜ ਕਰ ਕੇ ਇਨ੍ਹਾਂ ਗੈਸਾਂ ਦਾ ਪੱਧਰ ਦਿਨੋ-ਦਿਨ ਵੱਧਦਾ ਜਾ ਰਿਹਾ ਹੈ। ਜਿਸ ਕਰਕੇ ਵਾਯੂਮੰਡਲ ਵਿਚ ਤਪਸ਼ ਵਧਦੀ ਜਾ ਰਹੀ ਹੈ। ਇਹ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਸੋਲਰ ਕੂਕਰ ਵਰਗੇ ਕਾਲੇ ਬਕਸੇ ਵਿਚ ਸੂਰਜ ਦੀਆਂ ਕਿਰਨਾਂ ਤਾਂ ਦਾਖਲ ਤਾਂ ਹੋ ਜਾਂਦੀਆਂ ਹਨ ਪਰ ਪਰਵਰਤਿਤ ਨਹੀਂ ਹੁੰਦੀਆਂ ਅਤੇ ਅੰਦਰ ਹੀ ਜਮ੍ਹਾਂ ਹੁੰਦੀਆਂ ਰਹਿੰਦੀਆਂ ਹਨ। ਜੋ ਅੰਦਰ ਗਰਮੀ ਵਧਾ ਕੇ ਪਾਣਾ ਗਰਮ ਜਾਂ ਖਾਣੇ ਨੂੰ ਕੁਝ ਹੱਦ ਤੱਕ ਪਕਾ ਦਿੰਦੀਆਂ ਹਨ। ਇਸੇ ਤਰ੍ਹਾਂ ਹੀ ਵਾਯੂਮੰਡਲੀ ਗਲਾਫ ਵਿਚ ਗੈਸਾਂ ਦਾ ਨਿਰੰਤਰ ਵਾਧਾ ਹੋ ਰਿਹਾ ਹੈ ਜੋ ਸੂਰਜੀ ਪ੍ਰਕਾਸ਼ ਨੂੰ ਬਾਹਰ ਨਹੀਂ ਜਾਣ ਦਿੰਦੀਆਂ ਜਿਸਦੇ ਫਲਸਰੂਪ ਤਾਪਮਾਨ ਵਿਚ ਵਾਧਾ ਹੋ ਰਿਹਾ ਹੈ। ਨਤੀਜੇ ਵਜੋਂ ਗਲੇਸ਼ੀਅਰਾਂ ਦਾ ਪਿਘਲਣਾ ਤੇ ਹੋਰ ਕੁਦਰਤੀ ਆਫਤਾਂ ਦਾ ਅਸੰਤੁਲਨ ਜਾਂ ਵਿਗਾੜ ਆਦਿ ਅਸੁਖਾਵੀਆਂ ਘਟਨਾਵਾਂ ਦੇ ਵਾਪਰਨ ਦੀਆਂ ਸੰਭਾਵਨਾ ਹੋਰ ਵੀ ਵੱਧ ਜਾਣਗੀਆਂ।

**ਮੌਸਮਾਂ 'ਚ ਫੇਰਬਦਲ** : ਮੌਸਮ ਵਿਚ ਤਬਦੀਲੀ ਤੇ ਜਲ ਚੱਕਰ ਦੀ ਕੁਦਰਤੀ ਪ੍ਰਵਿਰਤੀ ਵਿੱਚ ਫੇਰਬਦਲ ਵੀ ਸੁਭਾਵਿਕ ਹੈ। ਸਹਿਜੇ ਹੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਜਨ ਜੀਵਨ ਵੀ ਪ੍ਰਭਾਵਿਤ ਹੋਵੇਗਾ। ਜਿਸ ਤਰ੍ਹਾਂ ਕਾਰਬਨ ਜੀਵ-ਜਗਤ ਦਾ ਮੁੱਖ ਅੰਸ਼ ਹੈ। ਵਾਯੂਮੰਡਲ ਤੋਂ ਇਲਾਵਾ ਬਹੁਤ ਸਾਰੀ ਕਾਰਬਨ ਧਰਤੀ, ਬਨਸਪਤੀ ਅਤੇ ਜੀਵਾਂ ਵਿਚ ਰਹਿੰਦੀ ਹੈ ਪੌਦੇ ਸੰਸਲੇਸ਼ਣ ਕਿਰਿਆ ਦੌਰਾਨ ਕਾਰਬਨ-ਡਾਈਆਕਸਾਈਡ ਦੀ ਵਰਤੋਂ ਕਰਦੇ ਹਨ ਜੋ ਕਿ ਉਤਪਾਦਕ ਹਨ ਜਿਨ੍ਹਾਂ 'ਤੇ ਜੀਵ-ਜੰਤੂ ਤੇ ਅਸੀਂ ਵੀ ਆਪਣੇ ਭੋਜਨ ਪਦਾਰਥਾਂ ਦੀ ਪ੍ਰਾਪਤੀ ਲਈ ਨਿਰਭਰ ਕਰਦੇ ਹਾਂ। ਇਸੇ ਤਰ੍ਹਾਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਾਰਬਨ ਜੀਵ-ਜੰਤੂਆਂ ਵਿਚ ਦਾਖਲ ਹੋ ਜਾਂਦੀ ਹੈ ਅਤੇ ਜਦੋਂ ਜੀਵ-ਜੰਤੂ ਮਰ ਜਾਂਦੇ ਹਨ ਤੇ ਅਪਘਟਨ ਦੁਆਰਾ ਕਾਰਬਨ ਵਾਪਸ ਫਿਰ ਵਾਯੂਮੰਡਲ ਵਿਚ ਪ੍ਰਦੇਸ਼ ਕਰ ਜਾਂਦੀ ਹੈ। ਇਸ ਤਰ੍ਹਾਂ ਕਾਰਬਨ ਚੱਕਰ ਚਲਦਾ ਰਹਿੰਦਾ ਹੈ ਅਤੇ ਇਸ ਦਾ ਕੁਦਰਤੀ ਸੰਤੁਲਣ ਵੀ ਬਣਿਆ ਰਹਿੰਦਾ ਹੈ। ਕੁਝ ਕਾਰਬਨ ਖਣਿਜ ਪਦਾਰਥਾਂ ਦੇ ਰੂਪ ਵਿਚ ਸਮੁੰਦਰ ਵਿਚ ਵੀ ਮੌਜੂਦ ਹੁੰਦੀ ਹੈ। ਉਹ ਵੀ ਕਾਰਬਨ ਚੱਕਰ ਵਿਚ ਆਪਣਾ ਰੋਲ ਅਦਾ ਕਰਦੀ ਹੈ। ਇਸੇ ਤਰ੍ਹਾਂ ਸੰਤੁਲਨ ਵਿਚ ਰਹਿ ਕੇ ਹੀ ਜਲ ਚੱਕਰ ਅਤੇ ਨਾਈਟਰੋਜਨ ਚੱਕਰ ਦੀ ਪ੍ਰਕਿਰਿਆ ਵਾਪਰਦੀ ਹੈ।

ਸੰਤੁਲਨ ਵਿਚ ਰਹਿ ਕੇ ਹੀ ਸਭ ਕੁਦਰਤੀ ਪ੍ਰਕਿਰਿਆਵਾਂ ਵਾਪਰਦੀਆਂ ਹਨ ਤੇ ਨਿਯਮਬੱਧ ਉਪਜੀਵਿਕਾ ਜਿਊਣ ਵਿਚ ਹਾਮੀ ਭਰਦੀਆਂ ਹਨ। ਪਰ ਲਗਾਤਾਰ ਕੁਦਰਤੀ ਸਾਧਨਾਂ ਦੀ ਲੁੱਟ-ਖਸੁਟ ਕਾਰਨ ਕਾਰਬਨ ਚੱਕਰ ਦੇ ਸੰਤੁਲਨ ਵਿਚ ਵੀ ਵਿਗਾੜ ਪੈਣਾ ਸ਼ੁਰੂ ਹੋ ਗਿਆ ਹੈ। ਜਦੋਂ ਆਬਾਦੀ ਘੱਟ ਸੀ ਉਦੋਂ ਤੱਕ ਕਾਰਬਨੀ ਚੱਕਰ ਦਾ ਸੰਤੁਲਨ ਕਾਇਮ ਸੀ। ਪਰ ਆਬਾਦੀ ਵਿਚ ਵਾਧੇ ਨਾਲ ਹੋਰ ਸਮਾਜਿਕ ਸਮੱਸਿਆਵਾਂ ਦੇ ਨਾਲ ਇਹ ਸਮੱਸਿਆ ਵੀ ਵਧਦੀ ਜਾ ਰਹੀ ਹੈ। ਵੱਖ-ਵੱਖ ਸਰੋਤਾਂ ਤੋਂ ਵਾਯੂਮੰਡਲ ਵਿਚ ਕਾਰਬਨ-ਡਾਈਆਕਸਾਈਡ ਗੈਸ ਦੀ ਮਾਤਰਾ ਵੱਧ ਰਹੀ ਹੈ। ਇਸ ਵਿਚ ਕੁਝ ਕਾਰਬਨ-ਡਾਈਆਕਸਾਈਡ ਮੁੜ ਕਾਰਬਨ ਚੱਕਰ ਰਾਹੀਂ ਦੁਬਾਰਾ ਮੁੱਢਲੇ ਸਰੋਤਾਂ ਵਿਚ ਵਾਪਸ ਚਲੀ ਜਾਂਦੀ ਹੈ ਤੇ ਜਿਹੜੀ ਬਾਕੀ ਰਹਿ ਜਾਂਦੀ ਹੈ, ਉਹ ਵੀ ਵਾਯੂਮੰਡਲ ਵਿਚ ਗ੍ਰੀਨ ਗੈਸ ਪ੍ਰਭਾਵ ਵਧਾਉਣ ਵਿਚ ਸਹਾਈ ਹੁੰਦੀ ਹੈ।

ਕੋਲਾ, ਪੈਟਰੋਲ, ਕੁਦਰਤੀ ਗੈਸ ਵੱਖ-ਵੱਖ ਮੁੱਖ ਸ੍ਰੋਤ ਹਨ ਜੋ ਕਾਰਬਨ ਡਾਈਆਕਸਾਈਡ ਦੀ ਪੈਦਾਵਾਰ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਹਨ। ਸਭ ਤੋਂ ਵੱਧ ਕਾਰਬਨ-ਡਾਈਆਕਸਾਈਡ ਕੋਲੇ ਨੂੰ ਬਾਲਣ ਦੇ ਰੂਪ ਵਿਚ ਵਰਤੋਂ ਨਾਲ ਉਪਜਦੀ ਹੈ। ਕਾਰਬਨ-ਡਾਈਆਕਸਾਈਡ ਗੈਸ ਦੀ ਮਾਤਰਾ ਵਿਚ ਵਾਧੇ ਦਾ ਮੁੱਖ ਕਾਰਨ ਪਥਰਾਟੀ ਬਾਲਣ ਹਨ। ਇਨ੍ਹਾਂ ਪਥਰਾਟੀ ਬਾਲਣਾਂ ਦੀ ਵਰਤੋਂ ਨੂੰ ਘਟਾ ਕੇ ਕਾਰਬਨ ਦੀ ਵੱਧ ਰਹੀ ਮਾਤਰਾ ਨੂੰ ਕੁਝ ਹੱਦ ਤੱਕ ਘਟਾਇਆ ਜਾ ਸਕਦਾ ਹੈ। ਪਥਰਾਟੀ ਬਾਲਣਾਂ ਦੀ ਬਜਾਏ ਕੁਦਰਤੀ ਸਰੋਤਾਂ ਜਿਵੇਂ ਸੂਰਜੀ ਊਰਜਾ ਵਰਗੇ ਸਾਧਨਾਂ ਦੀ ਵਰਤੋਂ ਕਰ ਕੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਿਜਲੀ ਉਤਪਾਦਨ ਕੀਤਾ ਜਾ ਸਕਦਾ ਹੈ, ਜੋ ਕਿ ਕੁਦਰਤੀ ਤਾਂ ਹਨ ਤੇ ਪ੍ਰਦੂਸ਼ਣ ਰਹਿਤ ਵੀ ਹਨ। ਜ਼ਿਆਦਾ ਤੋਂ ਜ਼ਿਆਦਾ ਰੁੱਖ ਲਗਾ ਕੇ ਇਸ ਵਧ ਰਹੀ ਕਾਰਬਨ ਦੀ ਮਾਤਰਾ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ ਤੇ ਵਾਯੂਮੰਡਲ ਤਪਸ਼ ਨੂੰ ਵੀ ਸਥਿਰ ਰੱਖਿਆ ਜਾ ਸਕਦਾ ਹੈ। ਬੇਹੱਦ ਜ਼ਰੂਰੀ ਹੈ ਹਵਾ, ਪਾਣੀ ਪ੍ਰਦੂਸ਼ਣ ਕੰਟਰੋਲ ਦੇ ਨਾਲ-ਨਾਲ ਵੱਧ ਰਹੀ ਤਪਸ਼ ਨੂੰ ਵੀ ਘਟਾਉਣ ਲਈ ਯਤਨਸ਼ੀਲ ਹੋਣਾ। ਵਾਤਾਵਰਨ ਸਵੱਛਤਾ ਦੇ ਸੰਦਰਭ ਵਿਚ ਭਗਤ ਪੂਰਨ ਸਿੰਘ ਜੋ ਕਿ ਸੱਚਾਈ ਤੇ ਇਮਾਨਦਾਰੀ ਦੀ ਮੂਰਤ, ਅਪਾਹਜ-ਅੰਗਹੀਣਾਂ ਦੇ ਮੁਜੱਸਮੇ ਤੇ ਸਮਾਜ ਸੇਵੀ ਸਨ, ਵੀ ਆਪਣੀ ਵਿਚਾਰ ਗੋਸ਼ਟੀ ਕਰ ਗਏ :

ਸੰਸਾਰ ਦੇ ਬੱਚੇ ਜਿਸ ਰਫਤਾਰ ਨਾਲ ਆਬਾਦੀ ਵਧਾ ਰਹੇ ਹਨ ਤੇ ਕੁਦਰਤ ਦੀ ਸੰਪਤੀ ਦੇ ਪਦਾਰਥਾਂ ਨੂੰ ਵਰਤ ਰਹੇ ਹਨ, ਉਨ੍ਹਾਂ ਪਦਾਰਥਾਂ ਨੂੰ ਉਹ ਵੱਧ ਤੋਂ ਵੱਧ 30 ਸਾਲ ਤੱਕ ਵਰਤ ਸਕਣਗੇ। 30-35 ਸਾਲ ਦੇ ਬਾਅਦ ਲੋਕਾਂ ਦਾ ਜਿਉਂਦਾ ਰੱਖਣ ਵਾਲੇ ਸਾਰੇ ਪਦਾਰਥ ਸਮਾਪਤ ਹੋ ਜਾਣਗੇ ਤੇ ਦੁਨੀਆ ਮਰ ਮੁੱਕ ਜਾਵੇਗੀ।

**ਲੀਹੋਂ ਲਹਿ ਰਿਹਾ ਵਰਤਾਰਾ**

ਕਦੇ ਸੋਚਿਆ ਕਿ ਜੇ ਇਕ ਵੀ ਵਰਤਾਰਾ ਲੀਹੋਂ ਲਹਿ ਜਾਵੇ ਤਾਂ ਕੀ ਹੋਵੇਗਾ ? ਕੀ ਜੀਵਨ ਇਸ ਸਭ ਕਾਸੇ ਤੋਂ ਬਿਨਾ ਸੰਭਵ ਹੈ ? ਆਪਣੇ ਵਿਚਾਰਾਂ ਤੇ ਸੁਰਤੀ ਨੂੰ ਕਾਲਪਨਿਕ ਯੁੱਗ ਦੇ ਖਿਆਲਾਂ ਵਿਚ ਲੈਕੇ ਜਾਣ ਦੀ ਕੋਸ਼ਿਸ਼ ਕਰਦੇ ਹਾਂ, ਜਿੱਥੇ ਸ਼ੁੱਧਤਾ ਨਾਮ ਦੀ ਕੋਈ ਵਸਤੂ ਮੌਜੂਦ ਨਹੀਂ। ਜੇ ਰੁੱਖ ਨਾਂ ਦਾ ਪ੍ਰਾਣੀ ਮਤਲਬ ਪੌਦਾ ਰੂਪੀ ਪ੍ਰਾਣੀ ਅਲੋਪ ਹੋ ਜਾਵੇਗਾ ਤਾਂ ਕੀ ਹੋਵੇਗਾ ? ਪ੍ਰਾਣੀ ਸ਼ਬਦ ਦੀ ਵਰਤੋਂ ਇਸ ਲਈ ਕੀਤੀ ਗਈ ਕਿ ਪੌਦਿਆਂ ਵਿਚ ਵੀ ਜਾਨ ਹੁੰਦੀ ਹੈ। ਇਹ ਵੀ ਆਪਣੀ ਜੀਵਿਕਾ ਲਈ ਕਾਰਬਨ-ਡਾਈਆਕਸਾਈਡ ਸੋਖਦੇ ਹਨ ਤੇ ਆਕਸੀਜਨ ਛੱਡਦੇ ਹਨ। ਉਹੀ ਆਕਸੀਜਨ ਅਸੀਂ ਸਾਹ ਕਿਰਿਆ ਦੌਰਾਨ ਅੰਦਰ ਲੈ ਕੇ ਜਾਂਦੇ ਹਾਂ ਤੇ ਕਾਰਬਨ-ਡਾਈਆਕਸਾਈਡ ਬਾਹਰ ਕੱਢਦੇ ਹਾਂ। ਜੋ ਕਿ ਵਾਯੂਮੰਡਲ ਵਿਚ ਜਾਂਦੀ ਹੈ ਤੇ ਫਿਰ ਰੁੱਖਾਂ ਦੁਆਰਾ ਸੋਖ ਲਈ ਜਾਂਦੀ ਹੈ। ਇਸ ਤਰ੍ਹਾਂ ਕਾਰਬਨ ਦਾ ਚੱਕਰ ਚਲਦਾ ਰਹਿੰਦਾ ਹੈ ਅਤੇ ਵਾਤਾਵਰਨ ਵਿਚ ਗੈਸਾਂ ਦਾ ਸੰਤੁਲਣ ਬਣਿਆ ਰਹਿੰਦਾ ਹੈ। ਜੇ ਰੁੱਖ ਹੀ ਉਪਲਬਧ ਮਾਤਰਾ ਤੋਂ ਘੱਟ ਹੋਣਗੇ ਤਾਂ ਆਕਸੀਜਨ ਤੇ ਕਾਰਬਨ-ਡਾਈਆਕਸਾਈਡ ਤੇ ਹੋਰ ਗੈਸਾਂ ਦਾ ਸੰਤੁਲਨ ਵੀ ਵਿਗੜੇਗਾ। ਸੋਚ ਕੇ ਵੇਖੋ ਕਿ ਇਹ ਦ੍ਰਿਸ਼ ਉਸ ਯੁੱਗ ਵਿਚ ਵਿਚਰ ਰਹੇ ਇਕ ਪਰਿਵਾਰ ਦਾ ਸ਼ਾਇਦ ਇਸ ਤਰ੍ਹਾਂ ਦਾ ਹੋਵੇਗਾ। ਆਪਣੇ ਕਲਪਨਾ ਦੇ ਘੋੜੇ ਦੌੜਾਓ ਤੇ ਆਪਣੀਆਂ ਅੱਖਾਂ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕਰੋ।

# ਸਾਉਣੀ ਲਈ ਹਰੇ ਚਾਰੇ ਲਈ ਕਾਸ਼ਤ ਦੇ ਢੰਗ

ਰਾਬਿੰਦਰ ਸਿੰਘ ਸੋਹੂ, ਰੁਚਿਕਾ ਭਾਰਦਵਾਜ ਅਤੇ ਦਵਿੰਦਰਪਾਲ ਸਿੰਘ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ

ਹਰੇ ਚਾਰੇ ਦੀ ਉਪਲਬਧਤਾ ਦੁਧਾਰੂ ਪਸ਼ੂਆਂ ਲਈ ਬਹੁਤ ਮਹੱਤਤਾ ਰੱਖਦੀ ਹੈ। ਚੰਗਾ ਅਤੇ ਸੰਤੁਲਤ ਹਰਾ ਚਾਰਾ ਦੁੱਧ ਦੀ ਪੈਦਾਵਾਰ ਵਧਾਉਂਦਾ ਹੈ ਅਤੇ ਦੁਧਾਰੂ ਪਸ਼ੂਆਂ ਦੀ ਸਿਹਤ ਲਈ ਵੀ ਜ਼ਰੂਰੀ ਤੱਤ ਪ੍ਰਦਾਨ ਕਰਦਾ ਹੈ। ਪੰਜਾਬ ਵਿੱਚ 81.2 ਲੱਖ ਪਸ਼ੂ ਹਨ ਜਿਨ੍ਹਾਂ ਵਿੱਚੋਂ 62.4 ਲੱਖ ਵੱਡੇ ਪਸ਼ੂ ਹਨ। ਇਸ ਦੇ ਆਧਾਰ ਤੇ ਇੱਕ ਪਸ਼ੂ ਨੂੰ 31.0 ਕਿਲੋ ਹਰਾ ਚਾਰਾ ਪ੍ਰਤੀ ਦਿਨ ਮਿਲਦਾ ਹੈ ਜੋ ਕਿ ਲੋੜ ਤੋਂ (40 ਕਿਲੋ/ਪਸ਼ੂ/ਦਿਨ) ਬਹੁਤ ਘੱਟ ਹੈ। ਕੁੱਝ ਕਿਸਾਨ ਹਰੇ ਚਾਰੇ ਦੀ ਕਾਸ਼ਤ ਤੇ ਹੀ ਨਿਰਭਰ ਕਰਦੇ ਹਨ ਅਤੇ ਇਸ ਨੂੰ ਮੰਡੀ ਵਿੱਚ ਵੇਚ ਕੇ ਆਪਣੀ ਆਜੀਵਿਕਾ ਕਮਾਉਂਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰੇ ਚਾਰੇ ਦਾ ਵਧੀਆ ਝਾੜ ਲੈਣ ਲਈ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਸ਼ਤ ਦੇ ਢੰਗ ਅਪਨਾਉਣੇ ਚਾਹੀਦੇ ਹਨ। ਹਰੇ ਚਾਰੇ ਦਾ ਚੰਗਾ ਝਾੜ ਲੈਣ ਲਈ ਕਿਸਾਨਾਂ ਨੂੰ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਕਿ ਹੇਠਾਂ ਦਿੱਤੀਆਂ ਗਈਆਂ ਹਨ :

**ਜ਼ਰੂਰੀ ਨੁਕਤੇ :**

★ ਚਾਰਿਆਂ ਦੀਆਂ ਫਸਲਾਂ ਨੂੰ ਹਮੇਸ਼ਾਂ ਦੂਸਰੀਆਂ ਫਸਲਾਂ, ਜਿਨ੍ਹਾਂ ਉੱਪਰ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ, ਤੋ ਦੂਰ ਬੀਜੋ।

★ ਕਣਕ ਵਿੱਚ ਜਿੱਥੇ ਗੁੱਲੀ ਡੰਡੇ ਦੀ ਰੋਕਥਾਮ ਲਈ ਲੀਡਰ/ਐਸ ਐਫ 10 / ਸਫਲ / ਮਾਰਕਸਲਫੋ / ਟੋਟਲ / ਮਾਰਕਪਾਵਰ / ਨਦੀਨਨਾਸ਼ਕ ਵਰਤੇ ਗਏ ਹੋਣ, ਉਨ੍ਹਾਂ ਖੇਤਾਂ ਵਿੱਚ ਚਰ੍ਹੀ ਜਾਂ ਮੱਕੀ ਨਾ ਬੀਜੋ।

★ ਪਸ਼ੂਆਂ ਦੇ ਦਾਣੇ ਦੇ ਮੁਕਾਬਲੇ ਫਲੀਦਾਰ ਚਾਰੇ ਤੋਂ ਪ੍ਰੋਟੀਨ ਸਸਤੇ ਭਾਅ ਮਿਲਦੀ ਹੈ ਅਤੇ ਹਰਾ ਚਾਰਾ ਤਾਕਤ ਭਰਪੂਰ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਰਲਿਆ ਮਿਲਿਆ ਚਾਰਾ ਪੈਦਾ ਕੀਤਾ ਜਾਵੇ, ਜਿਸ ਵਿੱਚ ਫਲੀਦਾਰ ਚਾਰੇ ਜਿਵੇਂ ਕਿ ਰਵਾਂਹ, ਗੁਆਰਾ ਅਤੇ ਗੈਰ ਫਲੀਦਾਰ ਚਾਰੇ ਜਿਵੇਂ ਮੱਕੀ, ਜੁਆਰ, ਬਾਜਰਾ ਆਦਿ ਮਿਲਾ ਕੇ ਬੀਜੇ ਜਾਣ।

★ ਚਾਰਿਆਂ ਦੀ ਬਿਜਾਈ ਸਹੀ ਸਮੇਂ ਤੇ ਕਰੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਜ਼ਰੂਰ ਕਰੋ।

★ ਚਾਰਿਆਂ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਕਰੋ।

★ ਵਧੀਆ ਗੁਣਵੱਤਾ ਅਤੇ ਖੁਰਾਕੀ ਤੱਤਾਂ ਨਾਲ ਭਰਪੂਰ ਚਾਰਾ ਲੈਣ ਲਈ ਚਾਰੇ ਦੀ ਕਟਾਈ ਸਹੀ ਅਵਸਥਾ ਤੇ ਕਰੋ।

★ ਚਾਰੇ ਦੀ ਫਸਲ ਨੂੰ ਕੱਟਣ ਤੋਂ ਇਕ ਹਫਤਾ ਪਹਿਲਾਂ ਪਾਣੀ ਜ਼ਰੂਰ ਲਾਓ, ਕਿਉਕਿ ਸੋਕੇ ਦੀ ਹਾਲਤ ਵਿੱਚ ਚਰ੍ਹੀ ਅਤੇ ਬਾਜਰੇ ਦੇ ਚਾਰੇ ਵਿੱਚ ਜ਼ਹਿਰੀਲਾਪਨ ਵੱਧ ਜਾਂਦਾ ਹੈ।

★ ਚਾਰਿਆਂ ਵਿੱਚ ਗੈਰ ਸਿਫਾਰਿਸ਼ ਰਸਾਇਣਾਂ (ਕੀਟ/ਉੱਲੀਨਾਸ਼ਕਾਂ) ਦੀ ਵਰਤੋਂ ਨਾ ਕਰੋ। ਚਾਰਿਆਂ ਵਿੱਚ ਬਿਮਾਰੀ ਅਤੇ ਕੀੜਿਆਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ।

★ ਵੱਧ ਸੈਲੀਨੀਅਮ ਵਾਲੀਆਂ ਜ਼ਹਿਰੀਲੀਆਂ ਜ਼ਮੀਨਾਂ ਵਿੱਚ ਉਗਾਏ ਹੋਏ ਚਾਰੇ ਨੂੰ ਪਸ਼ੂਆਂ ਦੀ ਖੁਰਾਕ ਵਿੱਚ ਕਦੇ ਵੀ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।

★ ਨਵੰਬਰ-ਦਸੰਬਰ ਅਤੇ ਮਈ-ਜੂਨ ਦੇ ਮਹੀਨਿਆਂ ਵਿੱਚ ਪਸ਼ੂਆਂ ਲਈ ਚਾਰੇ ਦੀ ਸਖਤ ਘਾਟ ਨੂੰ ਚਾਰੇ ਦੇ ਆਚਾਰ ਅਤੇ ਹੇਅ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਪੰਜਾਬ ਵਿੱਚ ਚਾਰੇ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਮੁੱਖ ਫਸਲਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਸ਼ਤ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ।

**ਚਾਰੇ ਦੀਆਂ ਮੁੱਖ ਫਸਲਾਂ ਦੀਆਂ ਕਿਸਮਾਂ :**

1) **ਮੱਕੀ** : ਮੱਕੀ ਸਾਉਣੀ ਦੀ ਮੁੱਖ ਫਸਲ ਹੈ ਅਤੇ ਇਕ ਖੇਤ ਵਿੱਚੋਂ ਇਸ ਦੀਆਂ 2-3 ਫਸਲਾਂ ਲਈਆਂ ਜਾ ਸਕਦੀਆਂ ਹਨ। ਇਸ ਵਿਚ ਜੁਆਰ ਅਤੇ ਬਾਜਰੇ ਨਾਲੋਂ ਵੱਧ ਪ੍ਰੋਟੀਨ ਹੁੰਦੀ ਹੈ, ਜਿਸ ਕਰਕੇ ਇਸ ਫਸਲ ਦੇ ਚਾਰੇ ਨੂੰ ਦੁਧਾਰੂ ਪਸ਼ੂਆਂ ਲਈ ਵਧੀਆ ਗਿਣਿਆ ਜਾਂਦਾ ਹੈ। ਮੱਕੀ ਦੀ ਉੱਨਤ ਕਿਸਮ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :



**ਜੇ-1006** : ਇਸ ਕਿਸਮ ਦੇ ਪੌਦੇ ਉੱਚੇ, ਫੈਲਵੇਂ ਅਤੇ ਚੌੜੇ ਪੱਤਿਆਂ ਵਾਲੇ ਹੁੰਦੇ ਹਨ। ਇਸ ਕਿਸਮ ਨੂੰ ਝੁਲਸ ਰੋਗ ਅਤੇ ਭੂਰੀਆਂ ਧਾਰੀਆਂ ਦਾ ਰੋਗ ਕੁਝ ਹੱਦ ਤੱਕ ਨਹੀਂ ਲੱਗਦਾ। ਇਸ ਨੂੰ ਛੱਲੀਆਂ ਦਰਮਿਆਨੀਆਂ ਉੱਚੀਆਂ ਲੱਗਦੀਆਂ ਹਨ। ਇਸ ਕਿਸਮ ਦੀਆਂ ਛੱਲੀਆਂ ਦੇ ਦਾਣੇ ਚਿੱਟੇ, ਮੋਟੇ ਅਤੇ ਕੁੱਝ ਚਿੱਬੇ ਹੁੰਦੇ ਹਨ। ਤਕਰੀਬਨ 165 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

ਜੇਕਰ ਜੇ-1006 ਕਿਸਮ ਦਾ ਬੀਜ ਨਾ ਮਿਲੇ ਤਾਂ ਮੱਕੀ ਦੀਆਂ ਕੰਪੋਜ਼ਿਟ ਕਿਸਮਾਂ ਜਿਵੇਂ ਪ੍ਰਭਾਤ, ਕੇਸਰੀ ਅਤੇ ਮੇਘਾ ਵੀ ਚਾਰੇ ਦੇ ਤੌਰ ਤੇ ਬੀਜੀਆਂ ਜਾ ਸਕਦੀਆਂ ਹਨ, ਪਰ ਜੇਕਰ ਬਿਜਾਈ ਪਿਛੇਤੀ ਕਰਨੀ ਹੋਵੇ (ਅਗਸਤ ਦੇ ਆਖਰੀ ਹਫਤੇ ਤੋਂ ਪਿਛੋਂ) ਕੇਸਰੀ ਅਤੇ ਮੇਘਾ ਕਿਸਮਾਂ ਨਾ ਬੀਜੋ ਕਿਉਕਿ ਇਨ੍ਹਾਂ ਉੱਤੇ ਠੰਡ ਦਾ ਮਾੜਾ ਅਸਰ ਹੁੰਦਾ ਹੈ।

2) **ਜੁਆਰ** : ਇਸ ਨੂੰ ਚਰ੍ਹੀ ਵੀ ਕਿਹਾ ਜਾਂਦਾ ਹੈ ਅਤੇ ਸਾਉਣੀ ਵਿੱਚ ਸਭ ਤੋਂ ਵੱਧ ਰਕਬਾ ਇਹ ਫਸਲ ਹੇਠ ਬੀਜਿਆ ਜਾਂਦਾ ਹੈ। ਇਹ ਫਸਲ ਮੱਕੀ ਅਤੇ ਬਾਜਰੇ ਨਾਲੋਂ ਵੱਧ ਦੇਰ ਤੱਕ ਹਰੀ ਰਹਿੰਦੀ ਹੈ ਅਤੇ ਪਸ਼ੂ ਵੀ ਵਧੇਰੇ ਖੁਸ਼ ਹੋ ਕੇ ਖਾਂਦੇ ਹਨ। ਜੁਆਰ ਦੀਆਂ ਉੱਨਤ ਕਿਸਮਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

**ਪੰਜਾਬ ਸੂਡੈਕਸ ਚਰ੍ਹੀ-4** : ਇਹ ਕਈਂ ਲੌਅ ਦੇਣ ਵਾਲੀ ਦੋਗਲੀ ਕਿਸਮ ਹੈ। ਇਸ ਕਿਸਮ ਦੇ ਬੂਟੇ ਲੰਮੇ ਅਤੇ ਪੱਤੇ ਚੌੜੇ ਹੁੰਦੇ ਹਨ। ਇਸ ਕਿਸਮ ਵਿੱਚ ਲਾਲ ਧੱਬੇ ਅਤੇ ਸ਼ਾਖ ਦੀ ਮੱਖੀ ਦੇ ਹਮਲੇ ਨੂੰ ਸਹਾਰਨ ਦੀ ਸਮਰੱਥਾ ਹੈ। ਸਮੇਂ ਸਿਰ ਬੀਜੀ ਫਸਲ ਤਿੰਨ ਚੰਗੀਆਂ ਕਟਾਈਆਂ ਵਿੱਚ 445 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

**ਪੰਜਾਬ ਸੂਡੈਕਸ ਚਰ੍ਹੀ-1** : ਇਹ ਵੀ ਕਈ ਲੌਅ ਦੇਣ ਵਾਲੀ ਦੋਗਲੀ ਕਿਸਮ ਹੈ। ਇਸ ਕਿਸਮ ਦੇ ਬੂਟੇ ਲੰਮੇ ਅਤੇ ਪੱਤੇ ਚੌੜੇ ਹੁੰਦੇ ਹਨ। ਇਸ ਦੇ ਟਾਂਡੇ ਰਸੀਲੇ ਅਤੇ ਮਿੱਠੇ ਹੁੰਦੇ ਹਨ। ਸਮੇਂ ਸਿਰ ਬੀਜੀ ਫਸਲ ਤਿੰਨ ਚੰਗੀਆਂ ਕਟਾਈਆਂ ਵਿੱਚ 480 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

**ਐਸ ਐਲ-44** : ਇਹ ਇੱਕ ਕਟਾਈ ਦੇਣ ਵਾਲੀ, ਮਿੱਠੀ, ਰਸੀਲੀ ਅਤੇ ਪਤਲੇ ਤਣਿਆਂ ਵਾਲੀ ਕਿਸਮ ਹੈ। ਇਸ ਕਿਸਮ ਵਿੱਚ ਪਚਣਯੋਗ ਸੁੱਕਾ ਮਾਦਾ ਬਹੁਤ ਹੁੰਦਾ ਹੈ। ਇਹ ਕਿਸਮ ਲਾਲ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਕਿਸਮ ਤੋਂ ਔਸਤਨ 240 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਮਿਲ ਜਾਂਦਾ ਹੈ।

3) **ਬਾਜਰਾ** : ਬਾਜਰਾ ਚਾਰੇ ਦੀ ਜਲਦੀ ਵੱਧਣ ਵਾਲੀ ਸਖਤ ਫਸਲ ਹੈ ਅਤੇ ਖਰਾਬ ਜਲਵਾਯੂ ਵਿੱਚ ਵੀ ਵਧੀਆ ਹੋ ਜਾਂਦੀ ਹੈ। ਬਾਜਰਾ ਹਲਕੀਆਂ ਅਤੇ ਘੱਟ ਸਿੱਲ੍ਹ ਵਾਲੀਆਂ ਜ਼ਮੀਨਾਂ ਵਿੱਚ ਵੀ ਉਗਾਇਆ ਜਾ ਸਕਦਾ ਹੈ। ਇਹ ਗਰਮ ਅਤੇ ਖੁਸ਼ਕ ਮੌਸਮ ਨੂੰ ਸਹਾਰ ਸਕਦਾ ਹੈ। ਬਾਜਰੇ ਦੀਆਂ ਉੱਨਤ ਕਿਸਮਾਂ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ :



**ਪੀ ਐਚ ਬੀ ਐਫ-1** : ਇਹ ਬਾਜਰੇ ਦੀ ਹਰੇ ਚਾਰੇ ਲਈ ਬਹੁਤੀਆਂ ਕਟਾਈਆਂ ਦੇਣ ਵਾਲੀ ਦੋਗਲੀ ਕਿਸਮ ਹੈ। ਇਸ ਕਿਸਮ ਦੇ ਪੌਦੇ 198 ਸੈਂਟੀਮੀਟਰ ਉੱਚੇ ਹੁੰਦੇ ਹਨ, ਜਿਨ੍ਹਾਂ ਦਾ ਤਣਾ ਨਰਮ ਹੁੰਦਾ ਹੈ। ਇਸ ਦੇ ਪੜਸੂਏਂ ਕਾਫੀ ਹੁੰਦੇ ਹਨ ਅਤੇ ਪੱਤੇ ਲੰਬੇ ਅਤੇ ਚੌੜੇ ਹੁੰਦੇ ਹਨ। ਇਹ ਕਿਸਮ ਬਿਮਾਰੀਆਂ ਨੂੰ ਸਹਾਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਹਰੇ ਚਾਰੇ ਦਾ ਝਾੜ 256 ਕੁਇੰਟਲ ਪ੍ਰਤੀ ਏਕੜ ਦਿੰਦੀ ਹੈ।

**ਪੀ ਸੀ ਬੀ-164** : ਇਹ ਛੇਤੀ ਵਧਣ ਵਾਲੀ ਕੰਪੋਜ਼ਿਟ ਕਿਸਮ ਹੈ। ਇਸ ਕਿਸਮ ਦੇ ਪੌਦੇ 207 ਸੈਂਟੀਮੀਟਰ ਉੱਚੇ ਹੁੰਦੇ ਹਨ ਅਤੇ ਟਾਂਡੇ ਦਰਮਿਆਨੇ ਮੋਟੇ ਹੁੰਦੇ ਹਨ। ਇਹ ਕਿਸਮ ਹਰੇ ਸਿੱਟੇ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਹਰੇ ਚਾਰੇ ਦਾ ਝਾੜ ਤਕਰੀਬਨ 210 ਕੁਇੰਟਲ ਪ੍ਰਤੀ ਏਕੜ ਦਿੰਦੀ ਹੈ।

**ਐਫ ਸੀ ਬੀ-16** : ਇਹ ਬਾਜਰੇ ਦੀ ਕੰਪੋਜ਼ਿਟ ਕਿਸਮ ਸਿਰਫ ਚਾਰੇ ਲਈ ਹੀ ਬੀਜੀ ਜਾਂਦੀ ਹੈ। ਇਹ ਕਿਸਮ ਦੂਜੀਆਂ ਕਿਸਮਾਂ ਨਾਲੋਂ 8-10 ਦਿਨ ਦੇਰ ਨਾਲ ਫੁੱਲਾਂ ਤੇ ਆਉਂਦੀ ਹੈ, ਜਿਸ ਕਰਕੇ ਲੰਬੇ ਸਮੇਂ ਤੱਕ ਹਰੀ ਰਹਿੰਦੀ ਹੈ। ਇਸ ਕਿਸਮ ਦੇ ਪੌਦਿਆਂ ਦੀ ਉਚਾਈ 235 ਸੈਂਟੀਮੀਟਰ ਹੁੰਦੀ ਹੈ ਅਤੇ ਪੱਤੇ ਚੌੜੇ ਅਤੇ ਲੰਬੇ ਹੁੰਦੇ ਹਨ। ਇਸ ਵਿੱਚ ਔਗਜ਼ਾਲੇਟ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ। ਇਹ ਮੁੱਖ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦਾ ਹਰੇ ਚਾਰੇ ਦਾ ਔਸਤਨ ਝਾੜ 230 ਕੁਇੰਟਲ ਪ੍ਰਤੀ ਏਕੜ ਹੈ।

**ਚਾਰੇ ਦੀਆਂ ਮੁੱਖ ਫਸਲਾਂ ਦੇ ਕਾਸ਼ਤ ਦੇ ਢੰਗ**

| ਕਾਸ਼ਤ ਦੇ ਢੰਗ | ਮੱਕੀ | ਜੁਆਰ | ਬਾਜਰਾ |
|---|---|---|---|
| ਬਿਜਾਈ ਦਾ ਸਮਾਂ | ਮਾਰਚ ਤੋਂ ਅੱਧ ਸਤੰਬਰ ਤੱਕ | ਅਪ੍ਰੈਲ ਦੇ ਆਖਰੀ ਹਫਤੇ ਤੋਂ ਮਈ ਦੋਗਲੀ ਚਰ੍ਹੀ ਲਈ<br>ਅੱਧ ਜੂਨ ਤੋਂ ਅੱਧ ਜੁਲਾਈ ਐਸ ਐਲ-44 ਲਈ | ਮਾਰਚ ਤੋਂ ਮਈ ਤੱਕ<br>ਅਗੇਤੀ ਫਸਲ ਰਵਾਂਹ ਨਾਲ ਰਲਾ ਕੇ ਬੀਜੋ |
| ਬੀਜ ਦੀ ਮਾਤਰਾ | 30 ਕਿਲੋ/ਏਕੜ<br>15 ਕਿਲੋ/ਏਕੜ ਜੇਕਰ ਰਵਾਂਹ ਰਲਾ ਕੇ ਬੀਜਣੇ ਹੋਣ | 20-25 ਕਿਲੋ ਐਸ ਐਲ-44 ਲਈ;<br>15 ਕਿਲੋ ਦੋਗਲੀ ਚਰ੍ਹੀ ਲਈ | 6-8 ਕਿਲੋ/ਏਕੜ |
| ਕਤਾਰਾਂ ਵਿਚਕਾਰ | 30 ਸੈਂਟੀਮੀਟਰ | 22 ਸੈਂਟੀਮੀਟਰ ਐਸ ਐਲ-44 ਲਈ | ਬਿਜਾਈ ਛੱਟੇ ਨਾਲ ਕਰੋ |
| ਫਾਸਲਾ | | 30 ਸੈਂਟੀਮੀਟਰ ਦੋਗਲੀ ਚਰ੍ਹੀ ਲਈ | ਬਾਰਾਨੀ ਇਲਾਕਿਆਂ ਵਿੱਚ 22 ਸੈ.ਮੀ. ਵਿੱਥ ਵਾਲੀਆਂ ਕਤਾਰਾਂ ਵਿੱਚ |
| ਬੀਜ ਦੀ ਸੋਧ | 3 ਗ੍ਰਾਮ ਬਾਵਿਸਟਨ ਜਾਂ ਐਗਰੋਜ਼ਿਮ 50 ਡਬਲਯੂ ਪੀ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ | -- | 3 ਗ੍ਰਾਮ ਐਗਰੋਜ਼ਿਮ 50 ਡਬਲਯੂ ਪੀ+ਥੀਰਮ (1:1) ਜਾਂ ਐਗਰੋਜ਼ਿਮ + ਕੈਪਟਾਨ (1:1) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ |
| ਖਾਦਾਂ ਪ੍ਰਤੀ ਏਕੜ | ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ<br>ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 150 ਕਿਲੋ ਸਿੰਗਲ ਸੁਪਰ ਫਾਸਫੇਟ<br>ਫਿਰ 3-4 ਹਫਤੇ ਬਾਅਦ 55 ਕਿਲੋ ਯੂਰੀਆ ਪਾਉ ਜੇਕਰ 27 ਕਿਲੋ ਡੀ ਏ ਪੀ ਪਾਈ ਹੈ ਤਾਂ 10 ਕਿਲੋ ਯੂਰੀਆ ਘਟਾ ਦਿਉ | ਬਾਰਾਨੀ ਇਲਾਕੇ ਵਿੱਚ 44 ਕਿਲੋ ਯੂਰੀਆ ਬਿਜਾਈ ਸਮੇਂ ਪੋਰੇ ਅਤੇ ਸੇਂਜੂ ਇਲਾਕਿਆਂ 44 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰ ਫਾਸਫੇਟ ਪਾਉ। ਇਕ ਮਹੀਨੇ ਪਿਛੋਂ 44 ਕਿਲੋ ਯੂਰੀਆ ਛੱਟੇ ਨਾਲ ਪਾਉ। ਦੂਜੀਆਂ ਕਟਾਈਆਂ ਲਈ ਪਹਿਲੇ ਪਾਣੀ ਤੋਂ ਪਿੱਛੋ 88 ਕਿਲੋ ਯੂਰੀਆ ਫਿਰ ਪਾਉ। | ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਬਿਜਾਈ ਸਮੇਂ 22 ਕਿਲੋ ਯੂਰੀਆ ਫਿਰ 3-4 ਹਫਤੇ ਬਾਅਦ 22 ਕਿਲੋ ਯੂਰੀਆ ਪਾਉ |
| ਸਿੰਚਾਈ | ਗਰਮ ਰੁੱਤ ਵਿੱਚ 4-5 ਪਾਣੀ ਅਤੇ ਸਾਉਣੀ ਵਿੱਚ ਬਰਸਾਤ ਦੇ ਹਿਸਾਬ ਨਾਲ | ਅਗੇਤੇ ਮੌਸਮ ਦੇ ਚਾਰੇ ਲਈ 4-5 ਪਾਣੀ ਅਤੇ ਬਰਸਾਤ ਵਿੱਚ 1-2 ਪਾਣੀ | ਆਮ ਕਰਕੇ ਪਾਣੀ 2-3 ਕਾਫੀ ਹਨ। ਚੰਗਾ ਹੋਵੇਗਾ ਜੇ ਪਾਣੀ ਹਲਕੇ ਅਤੇ ਬਹੁਤੇ ਦਿੱਤੇ ਜਾਣ। |
| ਨਦੀਨਾਂ ਦੀ ਰੋਕਥਾਮ | ਬਿਜਾਈ ਤੋਂ ਦੋ ਦਿਨ ਦੇ ਵਿੱਚ 500-800 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ। ਜੇਕਰ ਵਿੱਚ ਰਵਾਂਹ ਬੀਜੇ ਹੋਣ ਤਾਂ ਐਟਰਾਟਾਫ ਦੀ ਵਰਤੋਂ ਨਾ ਕਰੋ ਅਤੇ ਇਕ ਲੀਟਰ ਸਟੌਂਪ 30 ਤਾਕਤ 200 ਲੀਟਰ ਪਾਣੀ ਵਿੱਚ ਘੋਲ ਕੇ ਕਰੋ। | ਬਿਜਾਈ ਤੋਂ ਦੋ ਦਿਨ ਦੇ ਵਿੱਚ 400 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ। ਜੇਕਰ ਵਿੱਚ ਗੁਆਰਾ ਬੀਜਿਆ ਹੋਵੇ ਤਾਂ ਐਟਰਾਟਾਫ ਦੀ ਵਰਤੋਂ ਨਾ ਕਰੋ ਅਤੇ ਇਕ ਲੀਟਰ ਸਟੌਂਪ 30 ਤਾਕਤ 200 ਲੀਟਰ ਪਾਣੀ ਵਿੱਚ ਘੋਲ ਕੇ ਕਰੋ। | ਬਿਜਾਈ ਤੋਂ ਦੋ ਦਿਨ ਦੇ ਵਿੱਚ 200 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ। |
| ਕਟਾਈ | ਜਦੋਂ ਮੱਕੀ ਦੀ ਫਸਲ ਦੋਦੇ ਤੇ ਹੋਵੇ ਅਤੇ ਦਾਣੇ ਨਰਮ ਹੋਣ (ਬਿਜਾਈ ਤੋਂ 50-60 ਦਿਨਾਂ ਪਿਛੋਂ ਤੋਂ) | ਦੋਗਲੀ ਚਰ੍ਹੀ ਲਈ ਪਹਿਲਾ ਲੌਅ 55 ਤੋਂ 65 ਦਿਨਾਂ ਪਿਛੋਂ ਅਤੇ ਬਾਕੀ ਲੌਅ 35-40 ਦਿਨਾਂ ਦੇ ਫਰਕ ਨਾਲ, ਅਤੇ ਐਸ ਐਲ-44 ਲਈ ਬਿਜਾਈ ਤੋਂ 65-80 ਦਿਨਾਂ ਪਿਛੋਂ | ਬਿਜਾਈ ਤੋਂ 45-55 ਦਿਨਾਂ ਪਿੱਛੋਂ ਜਦੋਂ ਸਿੱਟੇ ਨਿਕਲਣੇ ਸ਼ੁਰੂ ਹੋਣ ਫਸਲ ਦੇ 50 ਪ੍ਰਤੀਸ਼ਤ ਸਿੱਟੇ ਨਹੀਂ ਨਿਕਲਣੇ ਚਾਹੀਦੇ। |



# ਹਵਾ, ਪਾਣੀ ਤੇ ਧਰਤੀ ਉੱਤੇ ਅਮੀਰਾਂ ਦਾ ਕਬਜ਼ਾ

**ਕਾਰਪੋਰੇਟ ਕੰਪਨੀਆਂ ਇਸ ਤਾਕ 'ਚ ਬੈਠੀਆਂ ਹਨ ਕਿ ਕਦੋਂ ਹਵਾ 'ਤੇ ਕਬਜ਼ਾ ਕਰ ਲਿਆ ਜਾਵੇ । ਇਸ ਸਬੰਧੀ ਉਨ੍ਹਾਂ ਨੇ ਹਰ ਮਾਧਿਅਮ ਰਾਹੀਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ । ਪਲੀਤ ਹੋਈ ਹਵਾ ਮਨੁੱਖ ਦੇ ਸਾਹ ਲੈਣ ਲਈ ਹਾਨੀਕਾਰਕ ਹੈ ਤੇ ਇਸ ਲਈ ਉਨ੍ਹਾਂ ਨੇ ਆਪਣੇ ਬਣਾਏ ਸਵੱਛ ਹਵਾ ਦੇ ਉਤਪਾਦ ਵੇਚਣ ਲਈ ਵੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਜਿਵੇਂ ਉਨ੍ਹਾਂ ਨੇ ਪਾਣੀ ਦੇ ਉਤਪਾਦ ਵੇਚਣ ਸਮੇਂ ਕੀਤਾ ਸੀ ।**

**ਗੁਰਸ਼ਰਨ ਸਿੰਘ ਵਿਰਦੀ**
**ਨਵੀਂ ਅਫਸਰ ਕਾਲੋਨੀ,**
**ਸਰਹਿੰਦ (ਫਤਹਿਗੜ੍ਹ ਸਾਹਿਬ)**

ਕੁਦਰਤ ਵਲੋਂ ਮਨੁੱਖ ਨੂੰ ਅਨੇਕਾਂ ਬਹੁ-ਕੀਮਤੀ ਦਾਤਾਂ ਮਿਲੀਆਂ ਹੋਈਆਂ ਹਨ । ਇਨ੍ਹਾਂ ਵਿਚ ਤਿੰਨ ਪ੍ਰਮੁੱਖ ਦਾਤਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਇਕ ਸਲੋਕ ਤੋਂ ਮਿਲਦਾ ਹੈ, ਜਿਸ ਵਿਚ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦਾਤਾਂ ਨੂੰ ਇੰਜ ਵਡਿਆਇਆ ਹੈ :

'ਪਵਣੁ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ'

ਇਹ ਕੁਦਰਤੀ ਸੁਗਾਤਾਂ ਕੇਵਲ ਤੁਰਦੇ ਫਿਰਦਾ ਜੀਵਾਂ ਲਈ ਹੀ ਨਹੀਂ ਸਗੋਂ ਕੁਦਰਤ ਨੇ ਤਾਂ ਸਾਰੀ ਬਨਸਪਤੀ ਦੇ ਫੁੱਲਾਂ, ਬੂਟਿਆਂ ਨੂੰ ਵੀ ਆਪਣੀ ਬਖਸ਼ਿਸ਼ ਨਾਲ ਭਰਪੂਰ ਕੀਤਾ ਹੋਇਆ ਹੈ । ਇਸ ਤਰ੍ਹਾਂ ਅਸੀਂ ਸਮਝ ਸਕਕੇ ਹਾਂ ਕਿ ਸਾਰੀ ਕਾਇਨਾਤ ਹੀ ਇਨ੍ਹਾਂ ਤਿੰਨ ਦਾਤਾਂ 'ਚ ਸਮਾਈ ਹੋਈ ਹੈ ।

ਇਨ੍ਹਾਂ ਤਿੰਨ ਦਾਤਾਂ ਉੱਤੇ ਹੋਏ ਕਬਜ਼ੇ ਦੀ ਵਾਰਤਾ ਦੱਸਣ ਲਈ ਇਸ ਨੂੰ ਧਰਤੀ, ਪਾਣੀ ਤੇ ਹਵਾ ਦੀ ਤਰਤੀਬ 'ਚ ਵਿਚਾਰਨਾ ਪਵੇਗਾ । ਜੰਗਲੀ ਜੀਵਨ ਬਿਤਾਉਂਦਿਆਂ ਮਨੁੱਖ ਕਬੀਲਿਆਂ 'ਚ ਰਹਿਣ ਲੱਗਾ । ਤਕੜਾ ਕਬੀਲਾ ਆਪਣੇ ਤੋਂ ਕਮਜ਼ੋਰ ਕਬੀਲੇ ਨੂੰ ਆਪਣੇ ਬਾਹੂਬਲ ਦੇ ਜ਼ੋਰ 'ਤੇ ਉਸ ਨੂੰ ਆਪਣੇ ਕਬਜ਼ੇ 'ਚ ਲੈ ਕੇ ਆਪਣੀ ਧਿਰ 'ਚ ਰਲਾ ਲੈਂਦਾ ਤੇ ਆਪਣੇ ਆਪ ਨੂੰ ਹੋਰ ਵਡੇਰੀ ਧਿਰ ਬਣਾਉਣ ਲਗਦਾ ।

ਇੱਥੇ ਹੀ ਬਸ ਨਹੀਂ, ਛੋਟੇ ਕਬੀਲਿਆਂ ਦੀਆਂ ਉਪਜਾਊ ਜ਼ਮੀਨਾਂ 'ਤੇ ਕਬਜ਼ਾ ਕਰਨ ਲੱਗਾ । ਬੀਤਦੇ ਸਮੇਂ ਨੇ ਮਨੁੱਖ ਨੂੰ ਕਿਸਾਨ, ਜ਼ਿਮੀਂਦਾਰ, ਜਗੀਰਦਾਰ ਤੇ ਸਰਮਾਏਦਾਰ ਦੇ ਰੂਪ 'ਚ ਬਦਲਦੇ ਵੇਖਿਆ ਹੈ । ਨਤੀਜਾ ਇਹ ਹੋਇਆ ਕਿ ਕੁਦਰਤ ਦੀ ਸੁਗਾਤ 'ਧਰਤੀ' ਨੂੰ ਉਸ ਨੇ ਕੁਦਰਤ ਤੋਂ ਖੋਹ ਲਿਆ । ਇਸ ਦੇ ਨਾਲ ਹੀ ਖੇਤੀ ਕਰਦੇ ਹਲਵਾਹਕ ਕਿਸਾਨਾਂ ਨੂੰ ਬੇਜ਼ਮੀਨੇ ਬਣਾ ਦਿਤਾ ਤੇ ਉਨ੍ਹਾਂ ਨੂੰ ਥੁੜਾਂ ਮਾਰੇ ਲੋਕਾਂ ਦੀ ਕਤਾਰ ਵਲ ਧੱਕ ਦਿੱਤਾ ।

ਕੁਦਰਤ ਵੱਲੋਂ ਦੁਨੀਆਂ ਨੂੰ ਦਿੱਤੀ ਇਕ ਹੋਰ ਨਿਆਮਤ-ਗੁਣਕਾਰੀ ਪਾਣੀ ਹੈ । ਜਿਸ ਦੇ ਬਿਨਾਂ ਮਨੁੱਖ ਤਾਂ ਕੀ ਪਸ਼ੂ-ਪੰਛੀ ਤੇ ਪੌਦੇ ਵੀ ਲੰਮਾ ਸਮਾਂ ਜ਼ਿੰਦਾ ਨਹੀਂ ਰਹਿ ਸਕਦੇ । ਮਨੁੱਖ ਵਲੋਂ ਇਸ ਨੂੰ ਗੰਧਲਾ ਕੀਤਾ ਜਾ ਰਿਹਾ ਹੈ । ਇਸ ਦਾ ਦੁਰ-ਉਪਯੋਗ ਹੋ ਰਿਹੈ । ਇਸ ਨੂੰ ਅਜਾਈਂ ਹੀ ਗੁਆਇਆ ਜਾ ਰਿਹਾ ਹੈ । ਕਿਸਾਨ ਝੋਨੇ ਤੇ ਕਣਕ ਦੀ ਬਿਜਾਈ ਕਰਦੇ ਹਨ । ਜਿਸ ਵਿਚ ਪਾਣੀ ਦੀ ਬਹੁਤੀ ਖਪਤ ਹੁੰਦੀ ਹੈ । ਇਸੇ ਕਾਰਨ ਪਾਣੀ ਦੀ ਸਤਹਿ ਪਹਿਲਾਂ ਨਾਲੋਂ ਦਿਨੋਂ ਦਿਨ ਹੋਰ ਨੀਵੀਂ ਹੁੰਦੀ ਜਾ ਰਹੀ ਹੈ ।

ਦੂਜੇ ਪਾਸੇ ਵੱਡਾ ਧਨੀ-ਵਪਾਰੀ ਗੁਟ ਇਹ ਪ੍ਰਚਾਰ ਕਰਨ 'ਚ ਲੱਗਾ ਹੋਇਆ ਹੈ ਕਿ ਧਰਤੀ ਹੇਠਲੇ ਪਾਣੀ ਨੂੰ ਜੇ ਪੁਣ-ਛਾਣ ਕੇ ਨਾ ਪੀਤਾ ਗਿਆ ਤਾਂ ਮਨੁੱਖ ਨੂੰ ਕੈਂਸਰ ਤੇ ਚਮੜੀ ਦੇ ਰੋਗ ਘੇਰ ਲੈਣਗੇ । ਇਹ ਪ੍ਰਚਾਰ ਉਹੀ ਕੰਪਨੀਆਂ ਕਰ ਰਹੀਆਂ ਹਨ ਜਿਨ੍ਹਾਂ ਨੇ ਪਾਣੀ ਦੇ ਉਤਪਾਦ, ਮੁੱਲ ਦੇ ਪਾਣੀ ਦੀਆਂ ਬੋਤਲਾਂ ਤੇ ਆਰ. ਓ. ਮਹਿੰਗੇ ਭਾਅ 'ਤੇ ਵੇਚਣੇ ਹਨ । ਇਸ ਤਰ੍ਹਾਂ ਇਨ੍ਹਾਂ ਕੰਪਨੀਆਂ ਨੇ ਮੱਧ-ਵਰਗੀ ਹਰ ਘਰ ਦੀ ਰਸੋਈ 'ਤੇ ਕਬਜ਼ਾ ਕਰ ਲਿਆ ਹੈ । ਹਰ ਬੰਦਾ ਆਰ. ਓ. ਦਾ ਪਾਣੀ ਜਾਂ ਮੁੱਲ ਦੀਆਂ ਬੋਤਲਾਂ ਦਾ ਪਾਣੀ ਪੀਣ ਵਿਚ ਆਪਣੇ ਆਪ ਨੂੰ ਸੁਰੱਖਿਅਤ ਤੇ ਉੱਚ ਸਟੇਟਸ ਵਾਲਾ ਸਮਝਣ ਦਾ ਭਰਮ ਪਾਲ ਰਿਹਾ ਹੈ । ਇਸ ਤਰੀਕੇ ਨਾਲ ਪਾਣੀ 'ਤੇ ਵੀ ਧਨੀ ਲੋਕਾਂ ਦਾ ਕਬਜ਼ਾ ਹੋ ਗਿਆ ਹੈ ।

ਤੁਸੀ ਸੋਚਦੇ ਹੋਵੋਗੇ, ਧਰਤੀ ਤੇ ਪਾਣੀ ਤਾਂ ਸਥੂਲ ਵਸਤਾਂ ਹਨ । ਇਨ੍ਹਾਂ ਉੱਤੇ ਕਬਜ਼ਾ ਹੋਣਾ ਤਾਂ ਸੰਭਵ ਹੈ ਪਰ ਹਵਾ ਉੱਤੇ ਕੋਈ ਕਿਵੇਂ ਕਬਜ਼ਾ ਕਰ ਸਕਦਾ ਹੈ । ਤੁਸੀਂ ਠੀਕ ਸੋਚਦੇ ਹੋ । ਪਰ ਅਮੀਰ ਵਰਗ ਕਿੰਨਾ ਸ਼ਾਤਰ ਹੈ, ਤੁਹਾਨੂੰ ਇਸ ਦਾ ਅਹਿਸਾਸ ਵੀ ਹੋ ਜਾਵੇਗਾ ।

ਆਓ ਹੁਣ ਕੁਦਰਤ ਦੀ ਦਿੱਤੀ ਇਕ ਹੋਰ ਸੁਗਾਤ ਹਵਾ ਬਾਰੇ ਵੀ ਕੁੱਝ ਜਾਣਨ ਦੀ ਕੋਸ਼ਿਸ਼ ਕਰੀਏ । ਹਵਾ ਬਾਰੇ ਗਰੀਨਪੀਸ ਸੰਸਥਾਵਾਂ ਵਲੋਂ ਪੇਸ਼ ਕੀਤੀ ਰੀਪੋਰਟ ਅਨੁਸਾਰ ਸਟੈਂਡਰਡ ਪਾਰਕੁਲੇਟ ਮੈਟਰ ਮਿਥੇ ਮਿਆਰ ਦੀ ਮਾਤਰਾ 2.5 ਦੇ ਮੁਕਾਬਲੇ 113.5 ਮਾਈਕਰੋ ਗਰਾਮ ਘਟ ਮੀਟਰ ਹੈ ਜੋ ਕਿ ਕੌਮਾਂਤਰੀ ਮਾਪਦੰਡ ਅਨੁਸਾਰ 10 ਮਾਈਕਰੋ ਗਰਾਮ ਤੋਂ ਵੱਧ ਨਹੀਂ ਹੋਣੀ ਚਾਹੀਦੀ ਜੋ ਸਾਡੇ ਦੇਸ਼ ਦੀ ਰਾਜਨੀਤੀ ਦਿੱਲੀ 'ਚ ਇਹ 11 ਗੁਣਾ ਵੱਧ ਪਾਈ ਜਾਂਦੀ ਹੈ ਤਾਂ ਹਵਾ ਦਾ ਇਹ ਪ੍ਰਦੂਸ਼ਣ ਮਨੁੱਖ ਦੇ ਦਿਲ ਤੇ ਫੇਫੜਿਆਂ ਲਈ ਬਹੁਤ ਹਾਨੀਕਾਰਕ ਹੈ ।

ਵਿਸ਼ਵ ਸਿਹਤ ਸੰਸਥਾ 'ਚ ਖੁਲਾਸਾ ਕੀਤਾ ਸੀ ਕਿ ਦੁਨੀਆਂ ਦੇ 70 ਲੱਖ ਲੋਕ ਵਾਧੂ ਪ੍ਰਦੂਸ਼ਣ ਕਾਰਨ ਮਰਦੇ ਹਨ । ਇਨ੍ਹਾਂ ਮਰਨ ਵਾਲਿਆਂ 'ਚ 12.4 ਲੱਖ ਲੋਕ ਤਾਂ ਇਕੱਲੇ ਭਾਰਤ ਵਿਚ ਮਰਦੇ ਹਨ । ਇਸ ਤਰ੍ਹਾਂ ਭਾਰਤ ਦਾ ਹਰ ਅਠਵਾਂ ਬੰਦਾ ਵਾਧੂ ਪ੍ਰਦੂਸ਼ਣ ਨਾਲ ਮਰਦਾ ਹੈ । ਇਸੇ ਕਾਰਨ ਭਾਰਤ ਵਿਚ ਮ ਨੁੱਖ ਦੀ ਉਮਰ 1.7 ਸਾਲ ਔਸਤ ਉਮਰ ਘੱਟ ਰਹੀ ਹੈ । ਹਵਾ ਦੇ ਪ੍ਰਦੂਸ਼ਣ ਦਾ ਇਹ ਮਾਰੂ ਅਸਰ ਭਾਰਤ ਦੇ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਜ਼ਿਆਦਾ ਹੀ ਹੋ ਰਿਹਾ ਹੈ ।

ਇਕ ਅਮਰੀਕੀ ਅਧਿਐਨ ਅਨੁਸਾਰ ਭਾਰਤ 'ਚ ਦੀਵਾਲੀ ਦੇ ਤਿਉਹਾਰ 'ਤੇ ਚਲਾਏ ਗਏ ਪਟਾਕੇ ਤੇ ਪਰਾਲੀ ਸਾੜਨ ਕਾਰਨ ਤੀਹ ਅਰਬ ਡਾਲਰ ਭਾਵ (ਦੋ ਲੱਖ ਕਰੋੜ ਰੁਪਏ) ਦਾ ਨੁਕਸਾਨ ਹੁੰਦਾ ਹੈ । ਪੰਜਾਬ 'ਚ ਝੋਨੇ ਤੇ ਕਣਕ ਦੀ ਫਸਲ ਦੀ ਕਟਾਈ ਤੇ ਉਸ ਦੀ ਸਾਂਭ ਸੰਭਾਲ ਤੱਕ ਪੈਦਾ ਹੋਏ ਪ੍ਰਦੂਸ਼ਣ ਨਾਲ ਸ਼ੁੱਧ ਹਵਾ ਨੂੰ ਜੋ ਜੋ ਦੁੱਖ ਝੱਲਣੇ ਪੈਂਦੇ ਹਨ, ਉਸ ਨੂੰ ਤਾਂ ਹਵਾ ਹੀ ਜਾਣਦੀ ਹੈ । ਗੌਰਤਲਬ ਹੈ ਕਿ ਇਕੱਲੇ ਪੰਜਾਬ 'ਚ 28 ਹੈਕਟੇਅਰ 'ਚ ਝੋਨਾ ਤੇ 34 ਹੈਕਟੇਅਰ 'ਚ ਕਣਕ ਬੀਜੀ ਜਾਂਦੀ ਹੈ ।

ਖੇਤੀਬਾੜੀ ਵਿਭਾਗ ਵਲੋਂ ਪਰਾਲੀ ਨੂੰ ਸਾੜਨ ਦੀ ਬਜਾਏ ਜੇ ਉਸ ਵਲੋਂ ਸੁਝਾਏ ਢੰਗ ਤਰੀਕੇ ਅਪਣਾਏ ਜਾਣ ਤਾਂ ਕੇਵਲ ਦੋ ਹਜ਼ਾਰ ਰੁਪਏ ਪ੍ਰਤੀ ਏਕੜ ਖਰਚ ਆਉਂਦਾ ਹੈ । ਜੇ ਇਹ ਖਰਚਾ ਕਿਸਾਨਾਂ ਨੂੰ ਦੇਣਾ ਵੀ ਪਵੇ ਤਾਂ ਕੇਵਲ 2400 ਕਰੋੜ ਰੁਪਏ ਹੀ ਦੇਣੇ ਪੈਣਗੇ । ਦੇਸ਼ ਪ੍ਰਦੂਸ਼ਣ ਤੋਂ ਬੱਚ ਜਾਵੇਗਾ ਤੇ ਕਿਸਾਨ ਵਾਧੂ ਖਰਚੇ ਤੋਂ ਬਚ ਜਾਣਗੇ ।

ਲੋਕਾਂ ਦੀਆਂ ਲੋੜਾਂ ਤੇ ਮੁਸ਼ਕਲਾਂ ਨੂੰ ਦੇਖਦੇ ਹੋਏ, ਹਕੂਮਤ ਹਵਾ ਦੀ ਸਵੱਛਤਾ ਤੇ ਲੋਕਾਂ ਦੀ ਚੰਗੀ ਸਿਹਤ ਵਲ ਕਿੰਨਾ ਕੁ ਧਿਆਨ ਕਰਦੀਆਂ ਹਨ, ਇਹ ਤਾਂ ਆਉਣ ਵਾਲਾ ਸਮਾਂ ਹੀ ਦਸੇਗਾ । ਸਾਡੇ ਦੇਸ਼ ਦੀ ਕੇਂਦਰੀ ਤੇ ਰਾਜ ਸਰਕਾਰਾਂ ਵਿਕਾਸ ਦੇ ਨਾਮ 'ਤੇ ਹਵਾਂ ਨੂੰ ਹੋਰ ਗੰਧਲਾ ਕਰ ਰਹੀਆਂ ਹਨ । ਉਹ ਵਿਕਾਸ ਕਰਨ ਵਾਲੀ ਥਾਂ 'ਤੇ ਜੰਗਲਾਂ ਨੂੰ ਬਿਨਾਂ ਕਿਸੇ ਭਵਿੱਖੀ ਯੋਜਨਾ ਉਨ੍ਹਾਂ ਦੀ ਕਟਾਈ ਕੀਤੀ ਜਾ ਰਹੀ ਹੈ । ਕਾਰਖਾਨੇ ਵੀ ਬਿਨ੍ਹਾਂ ਕਿਸੇ ਯੋਜਨਾਬੰਦੀ ਦੇ ਲੱਗ ਰਹੇ ਹਨ । ਉਨ੍ਹਾਂ ਤੋਂ ਪੈਦਾ ਹੁੰਦੀ ਆਵਾਜ਼ ਤੇ ਧੂੰਏਂ ਉੱਤੇ ਕੋਈ ਨਿਯੰਤਰਣ ਨਹੀਂ ਹੁੰਦਾ । ਥਰਮਲ ਪਲਾਂਟ ਤੇ ਇੱਟਾਂ ਦੇ ਭੱਠਿਆਂ ਦੀਆਂ ਚਿਮਨੀਆਂ 'ਚੋਂ ਨਿਕਲਦਾ ਧੂੰਆਂ ਵੀ ਪ੍ਰਦੂਸ਼ਣ 'ਚ ਵਾਧਾ ਕਰ ਰਿਹਾ ਹੈ । ਸ਼ਹਿਰਾਂ ਲਈ ਕਈ ਏਕੜਾਂ 'ਚ ਫੈਲੇ ਸ਼ਹਿਰੀ ਗੰਦਗੀ ਦੇ ਲੱਗੇ ਅੰਬਾਰ ਮਿਲਦੇ ਹਨ । ਉਨ੍ਹਾਂ ਨੂੰ ਖਤਮ ਕਰਨ ਲਈ ਕਈ ਥਾਵਾਂ 'ਤੇ ਉਸ ਨੂੰ ਸਾੜਿਆ ਵੀ ਜਾਂਦਾ ਹੈ । ਉਸ ਨਾਲ ਹਵਾ ਜ਼ਹਿਰੀ ਹੋ ਜਾਂਦੀ ਹੈ । ਮਨੁੱਖੀ ਵਿਕਾਸ ਦੀਆਂ ਸਹੂਲਤਾਂ ਲਈ ਵਰਤੇ ਜਾਂਦੇ ਵਾਹਨਾਂ ਵਿਚਲੇ ਪੈਟਰੋਲ ਤੇ ਡੀਜ਼ਲ ਦਾ ਧੂੰਆਂ ਆਦਿ ਵੀ ਸਾਡੇ ਸਾਹ ਲੈਣ ਵਾਲੀ ਹਵਾ ਨੂੰ ਪ੍ਰਦੂਸ਼ਤ ਕਰ ਰਹੇ ਹਨ ।

ਜੇ ਸਰਕਾਰਾਂ ਤੇ ਇਥੋਂ ਦੀ ਪਰਜਾ ਨੇ ਇਸ ਪਾਸੇ ਵਲ ਉਚੇਚਾ ਧਿਆਨ ਨਾ ਦਿੱਤਾ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਕਾਰਪੋਰੇਟ ਕੰਪਨੀਆਂ ਦਾ ਹਵਾ ਉੱਤੇ ਵੀ ਕਬਜ਼ਾ ਹੋ ਸਕਦਾ ਹੈ । 'ਹਵਾ ਉੱਤੇ ਕਬਜ਼ਾ ਹੋ ਜਾਵੇਗਾ' ਇਹ ਗੱਲ ਅਜੇ ਸਾਨੂੰ ਹਜ਼ਮ ਨਹੀਂ ਹੁੰਦੀ ਕਿਉਂਕਿ ਹਵਾ ਦੇ ਪ੍ਰਦੂਸ਼ਣ ਵੀ ਬਹੁਤਾਰ ਨਾਲ ਸ਼ਾਇਦ ਸਾਡਾ ਵਾਹ ਅਜੇ ਪਿਆ ਹੀ ਨਹੀਂ ।

ਸਿਆਣੇ ਲੋਕ ਸਾਨੂੰ ਅਗਾਊਂ ਸੁਚੇਤ ਕਰ ਰਹੇ ਹਨ । ਕਾਰਪੋਰੇਟ ਕੰਪਨੀਆਂ ਇਸ ਤਾਕ 'ਚ ਬੈਠੀਆਂ ਹਨ ਕਿ ਕਦੋਂ ਹਵਾ 'ਤੇ ਕਬਜ਼ਾ ਕਰ ਲਿਆ ਜਾਵੇ । ਇਸ ਸਬੰਧੀ ਉਨ੍ਹਾਂ ਨੇ ਹਰ ਮਾਧਿਅਮ ਰਾਹੀਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ । ਪਲੀਤ ਹੋਈ ਹਵਾ ਮਨੁੱਖ ਦੇ ਸਾਹ ਲੈਣ ਲਈ ਹਾਨੀਕਾਰਕ ਹੈ । ਤੇ ਇਸ ਲਈ ਉਨ੍ਹਾਂ ਨੇ ਆਪਣੇ ਬਣਾਏ ਸਵੱਛ ਹਵਾ ਦੇ ਉਤਪਾਦ ਵੇਚਣ ਲਈ ਵੀ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਜਿਵੇਂ ਉਨ੍ਹਾਂ ਨੇ ਪਾਣੀ ਦੇ ਉਤਪਾਦ ਵੇਚਣ ਸਮੇਂ ਕੀਤਾ ਸੀ ।

ਕੰਪਨੀਆਂ ਦਾ ਅਗਲਾ ਪੜਾਅ ਵਾਯੂ ਪ੍ਰਦੂਸ਼ਣ ਤੋਂ ਬਚਣ ਦੇ ਢੰਗਾਂ ਨੂੰ ਪ੍ਰਚਾਰਨ ਦਾ ਹੋਵੇਗਾ । ਮੀਡੀਏ ਰਾਹੀਂ ਖੂਬ ਪ੍ਰਚਾਰ ਕੀਤਾ ਜਾਵੇਗਾ ਕਿ ਪ੍ਰਦੂਸ਼ਤ ਹਵਾ 'ਚ ਸਾਹ ਲੈਣ ਨਾਲ ਉਨ੍ਹਾਂ ਦੀ ਉਮਰ ਘਟੇਗੀ 'ਤੇ ਉਹ ਬਿਮਾਰ ਪੈ ਜਾਣਗੇ । ਇਸ ਲਈ ਦਿਲ ਤੇ ਫੇਫੜਿਆਂ ਦੀਆਂ ਬਿਮਾਰੀਆਂ ਤੋਂ ਬਚਣ ਲਈ ਸਵੱਛ ਹਵਾ (ਆਕਸੀਜਨ ਗੈਸ) ਲੁਆਣ ਦਾ ਪ੍ਰਚਾਰ ਕੀਤਾ ਜਾਵੇਗਾ । ਡਾਕਟਰ ਆਪਣੇ ਮਰੀਜ਼ਾਂ ਦੀ ਪਰਚੀ 'ਤੇ ਹਰ ਹਫਤੇ ਇਕ ਵਾਰ ਗੈਸ ਲੁਆਣ ਲਈ ਡਾਕਟਰੀ ਰਾਇ ਲਿਖ ਕੇ ਦਿਆ ਕਰਨਗੇ ।

ਇਸ ਸਮੇਂ ਮੌਕਾ ਤਾੜ ਕੇ ਕਾਰਪੋਰੇਟ ਘਰਾਣੇ ਜਨਤਾ ਲਈ ਆਕਸੀਜਨ ਗੈਸ ਦੇ ਸਿਲੰਡਰ ਸਿਹਤ ਦੀ ਮੰਡੀ 'ਚ ਉਤਾਰ ਦੇਣਗੇ । ਇਸ ਤਰ੍ਹਾਂ ਡਾਕਟਰਾਂ ਤੇ ਸਿਲੰਡਰ ਵੇਚਣ ਵਾਲਿਆਂ ਦੀ ਵੀ ਚਾਂਦੀ ਹੋ ਜਾਵੇਗੀ । ਸਕੂਲ 'ਚ ਅਧਿਆਪਕ ਬੱਚਿਆਂ ਦੇ ਮਾਪਿਆਂ ਨੂੰ ਹਦਾਇਤਾਂ ਕਰਿਆ ਕਰਨਗੇ ਕਿ ਮਾਪੇ ਆਪਣੇ ਬੱਚਿਆਂ ਨੂੰ ਨਿਯਮਤ ਰੂਪ 'ਚ ਗੈਸ ਲੁਆਉਂਦੇ ਰਹਿਣ, ਸਕੂਲ 'ਚ ਬੱਚੇ ਨਾਲ ਕੁੱਝ ਮਾੜਾ ਵਾਪਰਨ 'ਤੇ ਬੱਚੇ ਤੇ ਬੱਚੇ ਦੇ ਮਾਪੇ ਹੀ ਇਸ ਦੇ ਜ਼ਿੰਮੇਵਾਰ ਹੋਣਗੇ, ਅਧਿਆਪਕ ਨਹੀਂ, ਨੋਟਿਸ ਬੋਰਡ 'ਤੇ ਲਿਖਿਆ ਮਿਲੇਗਾ ।

ਕਿਉਂਕਿ ਸਵੱਛ ਹਵਾ (ਆਕਸੀਜਨ ਗੈਸ) ਹਰ ਛੋਟੇ ਤੇ ਵੱਡੇ ਦੀ ਲੋੜ ਬਣ ਜਾਵੇਗੀ ਤੇ ਸਵੱਛ ਹਵਾ (ਆਕਸੀਜਨ ਗੈਸ) ਸਿਲੰਡਰਾਂ ਦੇ ਸਿਹਤ ਕੇਂਦਰ ਖੁਲ੍ਹ ਜਾਣਗੇ । ਗਿਣਤੀ ਘੱਟ ਹੋਣ 'ਤੇ ਸਰਕਾਰ ਤੋਂ ਇਸ ਦੀ ਗਿਣਤੀ ਵਧਾਉਣ ਲਈ ਮੰਤਰੀਆਂ ਨੂੰ ਮੰਗ ਪੱਤਰ ਦਿੱਤੇ ਜਾਣਗੇ ।



ਇਹ ਗੱਲਾਂ ਭਾਵੇਂ ਸਾਨੂੰ ਸਮੇਂ ਤੋਂ ਪਹਿਲਾਂ ਹੀ ਲਗਦੀਆਂ ਹੋਣ ਪਰ ਇਸ ਨੂੰ ਸੱਚ ਕਰਨ ਲਈ ਸਮਾਂ ਬਹੁਤ ਲੰਮੀਆਂ ਪੁਲਾਂਘਾਂ ਪੁੱਟ ਰਿਹਾ ਹੈ । ਮਨੁੱਖ ਨੂੰ ਇਸ ਬਾਰੇ ਹੋਰ ਵੱਧ ਗੰਭੀਰਤਾ ਨਾਲ ਸੋਚਣਾ ਬਣਦਾ ਹੈ ।

ਮੋ: 98156-20515

## ਖੇਤੀ ਵਿਭਿੰਨਤਾ ਲਈ ਅਹਿਮ ਹੈ

# ਸਬਜ਼ੀਆਂ ਦੀ ਕਾਸ਼ਤ



ਵਿਭਿੰਨਤਾ, ਰੁਜ਼ਗਾਰ ਤੇ ਕਿਸਾਨਾਂ ਦੀ ਆਰਥਿਕ ਹਾਲਤ ਸੁਧਾਰਨ ਲਈ ਸਬਜ਼ੀਆਂ ਦੀ ਕਾਸ਼ਤ ਜ਼ਰੂਰੀ ਹੈ। ਸ਼ਾਕਾਹਾਰੀ ਦੇਸ਼ ਹੋਣ ਪੱਖੋਂ ਪੌਸ਼ਟਿਕਤਾ ਲਈ ਭਾਰਤ 'ਚ ਸਬਜ਼ੀਆਂ ਦੀ ਖਾਸ ਅਹਿਮੀਅਤ ਹੈ। ਸਬਜ਼ੀਆਂ ਦੀ ਉਤਪਾਦਨ ਕਰ ਕੇ ਕਿਸਾਨ ਖਪਤਕਾਰਾਂ ਨੂੰ ਵੇਚਣ ਤੋਂ ਇਲਾਵਾ ਬੀਜ ਪੈਦਾ ਕਰ ਕੇ, ਨਰਸਰੀ ਬਣਾ ਕੇ ਤੇ ਪ੍ਰੋਸੈਸਿੰਗ ਵੈਲਿਊ ਐਡੀਸ਼ਨ ਕਰ ਕੇ ਆਪਣੀ ਆਮਦਨ 'ਚ ਹੋਰ ਵੀ ਵਾਧਾ ਕਰ ਸਕਦੇ ਹਨ। ਅੱਜ-ਕੱਲ੍ਹ ਤਾਂ ਸਬਜ਼ੀਆਂ ਦੀ ਲੈਂਡਸਕੇਪਿੰਗ 'ਚ ਵੀ ਵਿਸ਼ੇਸ਼ ਭੂਮਿਕਾ ਹੈ। ਆਯੁਰਵੈਦਿਕ ਤੇ ਯੂਨਾਨੀ ਰਵਾਇਤੀ 'ਚ ਬਣਾਈਆਂ ਗਈਆਂ ਦਵਾਈਆਂ ਲਈ ਵੀ ਸਬਜ਼ੀਆਂ ਦੇ ਉਤਪਾਦਕ ਵਜੋਂ ਦੂਜਾ ਵੱਡਾ ਦਰਜਾ ਹੈ, ਪਰ ਸਬਜ਼ੀਆਂ ਦੀ ਕਾਸ਼ਤ 'ਚ ਉਤਪਾਦਕਾਂ ਨੂੰ ਸਮੱਸਿਆ ਇਹ ਆਉਂਦੀ ਹੈ ਕਿ ਆਲੂਆਂ ਤੇ ਗੰਢਿਆਂ



ਭਗਵਾਨ ਦਾਸ

ਤੋਂ ਇਲਾਵਾ ਇਨ੍ਹਾਂ ਦਾ ਠੰਢੀ ਚੇਨ ਤੋਂ ਬਿਨਾਂ ਭੰਡਾਰ ਨਹੀਂ ਕੀਤਾ ਜਾ ਸਕਦਾ। ਪੰਜਾਬ 'ਚ ਆਲੂਆਂ ਤੇ ਸਬਜ਼ੀਆਂ ਦੀ ਕਾਸ਼ਤ ਥੱਲੇ ਕੁੱਲ ਰਕਬੇ ਦਾ 46 ਫੀਸਦੀ ਤੋਂ ਵੱਧ ਰਕਬਾ ਹੈ।

ਆਈ. ਸੀ. ਏ. ਆਰ. (ਇੰਡੀਅਨ ਐਗਰੀਕਲਚਲ ਰਿਸਰਚ ਇੰਸਟੀਚਿਊਟ) ਨੇ ਇੱਕੋ ਮੌਸਮ 'ਚ ਸਬਜ਼ੀਆਂ ਦੀ ਪੈਦਾਵਾਰ ਅਤੇ ਆਮਦ ਕਿਸਮ ਦੀਆਂ ਸਬਜ਼ੀਆਂ ਦੀਆਂ ਕਿਸਮਾਂ ਵਿਕਸਤ ਕੀਤੀਆਂ ਹਨ। ਇਨ੍ਹਾਂ 'ਚ ਪੂਸਾ ਚੈਰੀ ਟਮਾਟਰ 1 (ਜੋ ਲੁਆਈ ਤੋਂ ਬਾਅਦ 70 ਤੋਂ 75 ਦਿਨਾਂ 'ਚ ਤਿਆਰ ਹੋ ਜਾਂਦੀ ਹੈ ਅਤੇ ਇਸ ਦਾ ਫਲ 9 ਤੋਂ 10 ਮਹੀਨੇ ਤੱਕ ਲਿਆ ਜਾ ਸਕਦਾ ਹੈ), ਪੂਸਾ ਹਰਾ ਬੈਂਗਣ (ਇਹ ਕਿਸਮ 40 ਤੋਂ 45 ਟਨ ਪ੍ਰਤੀ ਹੈਕਟੇਅਰ ਤੱਕ ਝਾੜ ਦੇ ਦਿੰਦੀ ਹੈ) ਵੀ ਸ਼ਾਮਿਲ ਹੈ। ਪੂਸਾ ਸਫੇਦ ਬੈਂਗਣ ਇਕ ਹੋਰ ਕਿਸਮ ਹੈ, ਜਿਸ ਦਾ ਰੰਗ ਸਫੇਦ ਹੈ। ਇਸ ਦਾ ਫਲ ਛੋਟਾ ਤੇ ਆਕਾਰ ਦਰਮਿਆਨਾਂ ਹੈ। ਇਕ ਬੈਂਗਣ ਦਾ ਵਜ਼ਨ 50 ਤੋਂ 60 ਗ੍ਰਾਮ ਹੈ। ਔਸਤ ਝਾੜ ਟਨ ਪ੍ਰਤੀ ਹੈਕਟੇਅਰ ਹੈ। ਬੈਂਗਣ ਦੀਆਂ ਇਹ ਦੋਵੇਂ ਕਿਸਮਾਂ ਖਰੀਫ ਦੇ ਮੌਸਮ 'ਚ ਬੀਜਣ ਲਈ ਅਨੁਕੂਲ ਹਨ। ਇਕ ਹੈਕਟੇਅਰ ਸਬਜ਼ੀਂ ਲਗਾਉਣ ਲਈ 400 ਤੋਂ 500 ਗ੍ਰਾਮ ਪਨੀਰੀ ਲੋੜੀਂਦੀ ਹੈ। ਲਵਾਈ ਜੁਲਾਈ ਤੋਂ ਸ਼ੁਰੂ ਕਰ ਕੇ ਅਗਸਤ ਦੇ ਦਰਮਿਆਨ ਤੱਕ ਕੀਤੀ ਜਾ ਸਕਦੀ ਹੈ। ਪੂਸਾ ਹਰਾ ਬੈਂਗਣ 55 ਦਿਨ ਤੇ ਪੂਸਾ ਸਫੇਦ ਬੈਂਗਣ 50 ਤੋਂ 55 ਦਿਨ 'ਚ ਪੱਕ ਕੇ ਤਿਆਰ ਹੋ ਜਾਂਦਾ ਹੈ।

**ਬੀਜ ਰਹਿਤ ਖੀਰਾ**

ਪੂਸਾ ਖੀਰਾ 6 : ਇਸ ਕਿਸਮ ਦਾ ਹਰਾ ਰੰਗ ਹੋਣ ਕਾਰਨ ਅਤੇ ਜ਼ਾਇਕਾ ਵਧੀਆ ਹੋਣ ਕਰਕੇ ਖਪਤਕਾਰਾਂ ਲਈ ਇਹ ਮਨਭਾਉਂਦੀ ਕਿਸਮ ਹੈ ਅਤੇ ਇਸ ਦਾ ਚੰਗਾ ਭਾਅ ਮਿਲਦਾ ਹੈ। ਇਹ ਪੰਜਾਬ 'ਚ ਕਾਸ਼ਤ ਕਰਨ ਤੇ ਅਨੁਕੂਲ ਹੈ। ਇਸ ਦਾ ਫਲ ਨਵੰਬਰ ਤੋਂ ਮਾਰਚ ਤੱਕ ਲਿਆ ਜਾ ਸਕਦਾ ਹੈ। ਜਦੋਂ ਖੀਰੇ ਦੀ ਠੰਢ ਕਾਰਨ ਮੰਡੀ 'ਚ ਆਮਦ ਘਟ ਜਾਂਦੀ ਹੈ ਤਾਂ ਪੂਸਾ ਖੀਰਾ-6 ਦੀ ਕੀਮਤ ਲਾਹੇਵੰਦ ਮਿਲਦੀ ਹੈ। ਇਸ ਕਿਸਮ ਦੇ ਖੀਰੇ ਦਾ ਔਸਤ ਵਜ਼ਨ 105 ਗ੍ਰਾਮ ਅਤੇ ਔਸਤ ਝਾੜ 12.5 ਟਨ ਪ੍ਰਤੀ 1000 ਵਰਗ ਮੀਟਰ ਹੈ। ਇਸ ਕਿਸਮ ਨੂੰ ਪੌਲੀ ਹਾਊਸ 'ਚ ਲਗਾਇਆ ਜਾ ਸਕਦਾ ਹੈ। ਪੌਲੀ ਹਾਊਸ ਦੀ ਬਿਜਾਈ ਲਈ 200 ਗ੍ਰਾਮ ਬੀਜ ਲੋੜੀਂਦਾ ਹੈ।

**ਹਰਾ ਪਿਆਜ਼**

**ਪੂਸਾ ਸਉਮਿਆ** : ਇਹ ਕਿਸਮ ਸਾਰਾ ਸਾਲ ਲਗਾਈ ਜਾ ਸਕਦੀ ਹੈ। ਇਸ 'ਚ ਫੁੱਲ ਨੀਲੇ ਰੰਗ ਦੇ ਹੁੰਦੇ ਹਨ। ਬਿਜਾਈ ਨਵੰਬਰ 'ਚ ਕੀਤੀ ਜਾਂਦੀ ਹੈ। 1000 ਵਰਗ ਮੀਟਰ ਰਕਬੇ 'ਚ 900 ਗ੍ਰਾਮ ਬੀਜ ਲੋੜੀਂਦਾ ਹੈ।

**ਮੂਲੀ**

**ਪੂਸਾ ਮਰੀਦਲਾ** : ਇਹ ਛੋਟੇ ਆਕਾਰ ਵਾਲੀ, ਕੁਦਰਤੀ ਲਾਲ ਰੰਗ ਵਾਲੀ ਕਿਸਮ ਹੈ ਜੋ 28 ਤੋਂ 32 ਦਿਨ 'ਚ ਪੱਕ ਕੇ ਤਿਆਰ ਹੋ ਜਾਂਦੀ ਹੈ। ਮੂਲੀ ਹਰ ਮੌਸਮ 'ਚ ਲਗਾਈ ਜਾ ਸਕਦੀ ਹੈ।

**ਕਰੇਲਾ**

**ਪੂਸਾ ਰਸਦਾਰ** : ਇਹ ਕਾਫੀ ਅਗੇਤੀ ਕਿਸਮ ਹੈ। ਪ੍ਰੋਟੈਕਟਿਡ ਕਲਟੀਵੇਸ਼ਨ ਲਈ ਹੈ। ਇਸ ਦਾ ਫਲ ਸਾਰਾ ਸਾਲ ਲਿਆ ਜਾ ਸਕਦਾ ਹੈ। ਖਰੀਫ ਦੀ ਫਸਲ ਜੁਲਾਈ ਤੋਂ ਨਵੰਬਰ, ਮਾਰਚ ਤੋਂ ਜੂਨ ਦੌਰਾਨ ਲਈ ਜਾਂਦੀ ਹੈ। ਪਨੀਰੀ 28 ਤੋਂ 32 ਦਿਨ 'ਚ ਤਿਆਰ ਹੋ ਜਾਂਦੀ ਹੈ। ਫਲ 40 ਤੋਂ 45 ਦਿਨ 'ਚ ਪੱਕ ਤੇ ਤਿਆਰ ਹੋ ਜਾਂਦੇ ਹਨ।

ਇਨ੍ਹਾਂ ਪੂਸਾ ਵਿਸ਼ੇਸ਼ ਸਬਜ਼ੀਆਂ ਤੋਂ ਇਲਾਵਾ ਕੱਦੂ ਜਾਤੀ ਦੀਆਂ ਸਬਜ਼ੀਆਂ ਦਾ ਇਕ ਆਪਣਾ ਹੀ ਵਿਲੱਖਣ ਸਥਾਨ ਹੈ। ਖੀਰਾ, ਹਲਵਾ ਕੱਦੂ, ਚੱਪਣ ਕੱਦੂ, ਕਾਲੀ ਤੋਰੀ, ਘੀਆ ਆਦਿ ਅਹਿਮ ਫਸਲਾਂ ਹਨ। ਇਨ੍ਹਾਂ ਵੇਲਾਂ ਵਾਲੀਆਂ ਸਬਜ਼ੀਆਂ ਲਈ ਗਰਮ ਮੌਸਮ ਢੁੱਕਵਾਂ ਹੈ। ਇਹ ਸਬਜ਼ੀਆਂ ਕੋਹਰਾ ਬਿਲਕੁਲ ਨਹੀਂ ਸਹਿ ਸਕਦੀਆਂ। ਚੰਗੇ ਨਿਕਾਸ ਵਾਲੀਆਂ ਹਲਕੀਆਂ ਜ਼ਮੀਨਾਂ ਜਿਨ੍ਹਾਂ 'ਚ ਜੈਵਿਕ ਮਾਤਰਾ ਭਰਪੂਰ ਹੋਵੇ ਵੇਲਾਂ ਵਾਲੀਆਂ ਸਬਜ਼ੀਆਂ ਲਈ ਢੁੱਕਵੀਆਂ ਹੁੰਦੀਆਂ ਹਨ। ਅਗੇਤੀ ਫਸਲ ਲੈਣ ਲਈ ਰੇਤਲੀ ਜ਼ਮੀਨ ਵਧੀਆ ਹੈ। ਇਨ੍ਹਾਂ ਸਬਜ਼ੀਆਂ ਲਈ ਖੇਤ 'ਚ ਮੱਧੂ ਮੱਖੀਆਂ ਦੇ ਕੁਟੰਬ ਰੱਖਣ ਲਈ ਸਿਫਾਰਸ਼ ਕੀਤੀ ਗਈ ਹੈ। ਇਸ ਦੀ ਸਿੱਧੀ ਬਿਜਾਈ ਬੈੱਡਾਂ ਦੇ ਦੋਵੇਂ ਪਾਸੇ ਕੀਤੀ ਜਾਂਦੀ ਹੈ। ਸਾਰੀ ਸੁਪਰਫਾਸਫੇਟ, ਮਿਊਰੇਟ ਆਫ ਪੋਟਾਸ਼ ਅਤੇ ਅੱਧੀ ਯੂਰੀਏ ਦੀ ਖਾਦ ਬੀਜ ਬੀਜਣ ਤੋਂ ਇਕ ਮਹੀਨੇ ਬਾਅਦ ਬੈੱਡਾਂ ਦੇ ਆਲੇ-ਦੁਆਲੇ ਮਿੱਟੀ ਮਿਲਾ ਕੇ ਪਾ ਦੇਣਾ ਚਾਹੀਦਾ ਹੈ। ਇਨ੍ਹਾਂ ਫਸਲਾਂ ਨੂੰ ਹਲਕਾ ਪਾਣੀ ਲਾਉਣਾ ਚਾਹੀਦਾ ਹੈ ਤੇ ਦੋ ਪਾਣੀਆਂ ਵਿਚਕਾਰ 7 ਤੋਂ 8 ਦਿਨ ਦਾ ਵਕਫਾ ਹੋਣਾ ਚਾਹੀਦਾ ਹੈ। ਫਸਲ ਨੂੰ ਸੋਕੇ ਤੋਂ ਬਚਾਉਣਾ ਚਾਹੀਦਾ ਹੈ। ਖੀਰਾ ਤੇ ਘੀਆ ਕੱਦੂ, ਕਰੇਲਾ, ਚੱਪਣ ਕੱਦੂ, ਕਾਲੀ ਤੋਰੀ ਦੇ ਫਲ ਉਸ ਸਮੇਂ ਤੋੜਨੇ ਚਾਹੀਦੇ ਹਨ, ਜਦੋਂ ਫਲ ਪੱਕਾ, ਨਰਮ ਤੇ ਹਰੇ ਰੰਗ ਦਾ ਹੋਵੇ। ਸਮੇਂ-ਸਮੇਂ 'ਤੇ ਕਈ ਤੁੜਾਈਆਂ ਲਈਆਂ ਜਾ ਸਕਦੀ ਆਂ ਹਨ।

ਸਬਜ਼ੀਆਂ ਦੇ ਵਧੇ ਤੇ ਵਧੀਆ ਝਾੜ ਲਈ ਖੁਰਾਕੀ ਤੱਤ ਜਿਨ੍ਹਾਂ 'ਚ ਆਕਸੀਜਨ, ਕਾਰਬਨ, ਹਾਈਡਰੋਜਨ, ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ, ਗੰਧਕ, ਲੋਹਾ, ਜ਼ਿੰਕ, ਮੈਗਨੀਜ਼, ਤਾਂਬਾ ਆਦਿ ਆਉਂਦੇ ਹਨ, ਵੀ ਮਹੱਤਵਪੂਰਨ ਹਨ। ਫੁੱਲ ਗੋਭੀ, ਗਾਜਰ, ਭਿੰਡੀ ਅਤੇ ਮਿਰਚ 'ਚ ਨਾਈਟਰੋਜਨ ਤੱਤ ਦੀ ਘਾਟ ਆਮ ਮਿਲਦੀ ਹੈ। ਨਾਈਟਰੋਜਨ ਦੀ ਘਾਟ ਕਾਰਨ ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ ਅਤੇ ਇਸ ਨੂੰ ਫੁੱਲ ਤੇ ਫਲ ਘੱਟ ਲੱਗਦੇ ਹਨ। ਬੂਟਿਆਂ ਦਾ ਪੂਰਾਪਣ ਘਟ ਜਾਂਦਾ ਹੈ। ਫਾਸਫੋਰਸ ਤੱਤ ਦੀ ਘਾਟ ਕਾਰਨ ਬੂਟਿਆਂ ਦੇ ਪੱਤੇ ਪੂਰੇ ਹਰੇ ਹੋ ਕੇ ਬਾਅਦ 'ਚ ਨੁੱਕਰਾਂ ਤੋਂ ਜਾਮਣੀ ਰੰਗ ਦੇ ਹੋਣੇ ਸ਼ੁਰੂ ਹੋ ਜਾਂਦੇ ਹਨ। ਜ਼ਿਆਦਾ ਹੋ ਜਾਂਦਾ ਹੈ ਅਤੇ ਬੂਟੇ ਦਾ ਵਾਤਾ ਰੁਕ ਜਾਂਦਾ ਹੈ।

ਪੋਟਾਸ਼ੀਅਮ ਦੀ ਘਾਟ ਆਲੂਆਂ ਤੇ ਭਿੰਡੀ 'ਚ ਪਾਈ ਜਾਂਦੀ ਹੈ। ਮਟਰ ਤੇ ਮਿਰਚਾਂ 'ਚ ਗੰਧਕ ਦੀ ਘਾਟ ਮਿਲਦੀ ਹੈ। ਇਸ ਕਾਰਨ ਬੂਟੇ ਕਮਜ਼ੋਰ ਹੋ ਜਾਂਦੇ ਹਨ ਜਿਸ ਕਾਰਨ ਝਾੜ 'ਤੇ ਮਾੜਾ ਅਸਰ ਪੈਂਦਾ ਹੈ। ਫੁੱਲ ਗੋਭੀ, ਮੂਲੀ ਤੇ ਘੀਆ 'ਚ ਮੈਂਗਨੀਜ਼ ਦੀ ਘਾਟ ਪਾਈ ਜਾਂਦੀ ਹੈ, ਜਿਸ ਕਾਰਨ ਗੁਲਾਬੀ ਰੰਗ ਦੇ ਧੱਬੇ ਪੈ ਜਾਂਦੇ ਹਨ। ਜ਼ਿਆਦਾ ਘਾਟ ਹੋਣ ਨਾਲ ਧੱਬਿਆਂ ਵਾਲਾ ਹਿੱਸਾ ਮਰ ਜਾਂਦਾ ਹੈ। ਲੋਹਾ ਤੱਤ ਦੀ ਘਾਟ ਮਿਰਚਾਂ 'ਚ ਪਾਈ ਜਾਂਦੀ ਹੈ। ਇਸ ਘਾਟ ਕਾਰਨ ਨਵੇਂ ਪੱਤਿਆਂ ਦੀਆਂ ਨਾੜੀਆਂ ਵਿਚਕਾਰਲਾ ਹਿੱਸਾ ਪੀਲਾ ਪੈ ਜਾਂਦਾ ਹੈ, ਜਦਕਿ ਪੁਰਾਣੇ ਪੱਤੇ ਹਰੇ ਹੀ ਰਹਿੰਦੇ ਹਨ।

ਸਬਜ਼ੀ ਉਤਪਾਦਕਾਂ ਨੂੰ ਮਿੱਟੀ ਦੀ ਪਰਖ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ ਤਾਂ ਜੋ ਮਿੱਟੀ ਦੀ ਸਿਹਤ ਬਾਰੇ ਤੇ ਇਸ 'ਚ ਘੱਟ ਪਾਏ ਜਾਣ ਵਾਲੇ ਤੱਤਾਂ ਦਾ ਪਤਾ ਲੱਗ ਸਕੇ ਅਤੇ ਉਨ੍ਹਾਂ ਦੀ ਸਹੀ ਸਮੇਂ 'ਤੇ ਪੂਰਤੀ ਕਰ ਕੇ ਫਸਲਾਂ ਨੂੰ ਤੱਤਾਂ ਦੀ ਘਾਟ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ।

# ਸ਼ਕਰਕੰਦੀ



**ਮੌਸਮ ਅਤੇ ਜ਼ਮੀਨ**

ਸ਼ਕਰਕੰਦੀ ਲੰਬੇ ਗਰਮ ਮੌਸਮ ਦੀ ਫਸਲ ਹੈ। ਇਸ ਨੂੰ ਧੁੱਪ ਵਾਲੇ ਦਿਨ, ਦਰਮਿਆਨੀ ਬਾਰਸ਼ ਅਤੇ ਚਾਰ ਮਹੀਨਿਆਂ ਲਈ ਦਿਨ ਅਤੇ ਰਾਤ ਗਰਮ ਤਾਪਮਾਨ ਚਾਹੀਦਾ ਹੈ। ਇਸ ਫਸਲ ਵਿਚ ਸੋਕੇ ਨੂੰ ਸਹਾਰਨ ਦੀ ਸਮਰੱਥਾ ਹੈ ਪਰ ਇਹ ਕੋਰੇ ਨੂੰ ਨਹੀਂ ਸਹਾਰ ਸਕਦੀ। ਸ਼ਕਰਕੰਦੀ ਦੀ ਕਾਸ਼ਤ ਹਰ ਤਰ੍ਹਾਂ ਦੀ ਜ਼ਮੀਨ ਵਿਚ ਕੀਤੀ ਜਾ ਸਕਦੀ ਹੈ, ਪਰ ਚੰਗੀ ਨਿਕਾਸ ਵਾਲੀ ਪੋਲੀ, ਭੁਰਭੁਰੀ ਤੇ ਕੱਲਰ ਰਹਿਤ ਮੈਰਾ ਤੇ ਰੇਤਲੀ ਮੈਰਾ ਜ਼ਮੀਨ ਇਸ ਲਈ ਵਧੇਰੇ ਢੁੱਕਵੀ ਹੈ।

**ਉੱਨਤ ਕਿਸਮ**

★ **ਪੰਜਾਬ ਸ਼ਕਰਕੰਦੀ 21** : ਇਸ ਕਿਸਮ ਦੀਆਂ ਵੇਲਾ ਦਾ ਆਕਾਰ ਦਰਮਿਆਨਾ ਲੰਮਾ ਹੁੰਦਾ ਹੈ। ਇਸ ਦੇ ਪੱਤੇ ਗੂੜ੍ਹੇ ਹਰੇ, ਚੌੜੇ, ਕੱਟਵੇਂ ਅਤੇ ਜ਼ਾਮਨੀ ਰੰਗ ਦੀ ਭਾਅ ਮਾਰਦੇ ਹਨ। ਤਣਾ ਦਰਮਿਆਨਾ ਲੰਮਾ ਤੇ ਸਖਤ ਹੁੰਦਾ ਹੈ। ਪੱਤੇ ਤੋਂ ਪੱਤੇ ਦਾ ਫਾਸਲਾ 4.5 ਸੈਂਟੀਮੀਟਰ ਅਤੇ ਪੱਤੇ ਦੀ ਡੰਡੀ ਦੀ ਲੰਬਾਈ 9 ਸੈਂਟੀਮੀਟਰ ਹੁੰਦੀ ਹੈ। ਇਹ ਕਿਸਮ ਤਕਰੀਬਨ 145 ਦਿਨਾਂ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਕਿਸਮ ਦੀ ਸ਼ਕਰਕੰਦੀ ਗੂੜ੍ਹੇ ਲਾਲ ਛਿਲਕੇ ਅਤੇ ਚਿੱਟੇ ਗੁੱਦੇ ਵਾਲੀ ਹੁੰਦੀ ਹੈ। ਸ਼ਕਰਕੰਦੀ 20 ਸੈਂਟੀਮੀਟਰ ਲੰਮੀ ਤੇ 4 ਸੈਂਟੀਮੀਟਰ ਚੌੜੀ ਹੁੰਦੀ ਹੈ। ਇਕ ਸ਼ਕਰਕੰਦੀ ਦਾ ਭਾਰ ਤਕਰੀਬਨ 75 ਗ੍ਰਾਮ ਹੁੰਦਾ ਹੈ। ਇਸ ਕਿਸਮ ਦੀ ਸ਼ਕਰਕੰਦੀ ਵਿਚ 35 ਪ੍ਰਤੀਸ਼ਤ ਸੁੱਕਾ ਮਾਦਾ ਤੇ 81 ਮਿਲੀਗ੍ਰਾਮ ਹੁੰਦਾ ਹੈ। ਇਸ ਕਿਸਮ ਦਾ ਔਸਤਨ ਝਾੜ 75 ਕੁਇੰਟਲ ਪ੍ਰਤੀ ਏਕੜ ਦੇ ਲਗਭਗ ਹੈ।

**ਕਾਸ਼ਤ ਦੇ ਢੰਗ**

★ **ਜ਼ਮੀਨ ਦੀ ਤਿਆਰੀ** : ਸ਼ਕਰਕੰਦੀ ਦੀ ਕਾਸ਼ਤ ਲਈ ਜ਼ਮੀਨ ਨੂੰ ਚੰਗੀ ਤਰ੍ਹਾਂ ਤਿਆਰ ਕਰੋ। ਇਸ ਲਈ ਖੇਤ ਨੂੰ 4-5 ਵਾਰ ਵਾਹੋ ਅਤੇ ਹਰ ਵਾਹੀ ਪਿੱਛੋਂ ਸੁਹਾਗਾ ਫੇਰੋ। ਖੇਤ ਨਦੀਨਾਂ ਅਤੇ ਮੁੱਢਾਂ ਤੋਂ ਰਹਿਤ ਹੋਣਾ ਚਾਹੀਦਾ ਹੈ।

★ **ਬੀਜ ਦੀ ਮਾਤਰਾ** : ਵੇਲਾਂ ਤੋਂ ਬਣਾਈਆਂ ਹੋਈਆਂ ਤਕਰੀਬਨ 25,000 ਤੋਂ 30,000 ਕਟਿੰਗ ਇੱਕ ਏਕੜ ਲਈ ਕਾਫੀ ਹਨ।

★ **ਬਿਜਾਈ ਦਾ ਸਮਾਂ** : ਪੰਜਾਬ ਵਿਚ ਸ਼ਕਰਕੰਦੀ ਦੀ ਬਿਜਾਈ ਦਾ ਸਮਾਂ ਅਪ੍ਰੈਲ ਤੋਂ ਜੁਲਾਈ ਹੈ। ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 35-40 ਕਿਲੋ ਗੰਢੀਆਂ ਅੱਧੇ ਕਨਾਲ ਵਿੱਚ ਉੱਚੀਆਂ ਕਿਆਰੀਆਂ ਬਣਾ ਕੇ ਜਨਵਰੀ ਤੋਂ ਫਰਵਰੀ ਵਿਚ ਬੀਜਣੀਆਂ ਚਾਹੀਦੀਆਂ ਹਨ।

★ **ਫਾਸਲਾ** : ਕਤਾਰਾਂ ਵਿਚਕਾਰ 60 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖੋ।

★ **ਖਾਦਾਂ** : 10 ਟਨ ਗਲੀ ਸੜੀ, ਰੂੜੀ 55 ਕਿੱਲੋ ਨਾਈਟ੍ਰੋਜਨ (125 ਕਿੱਲੋ ਕਿਸਾਨ ਖਾਦ), 25 ਕਿਲੋ ਫਾਸਫੋਰਸ (155 ਕਿੱਲੋ ਸਿੰਗਲ ਸੁਪਰਫਾਸਫੇਟ) ਅਤੇ 25 ਕਿੱਲੋ ਪੋਟਾਸ਼ (35 ਕਿੱਲੋ ਮਿਊਰੇਟ ਆਫ ਪੋਟਾਸ਼) ਪ੍ਰਤੀ ਏਕੜ ਪਾਓ।

★ **ਮਿੱਟੀ ਚੜ੍ਹਾਉਣਾ** : ਬਿਜਾਈ ਤੋਂ 40 ਦਿਨ ਦੇ ਬਾਅਦ ਇਕ ਵਾਰ ਮਿੱਟੀ ਚੜ੍ਹਾਉਣੀ ਚਾਹੀਦੀ ਹੈ।

★ **ਸਿੰਚਾਈ** : ਪਾਣੀ 14 ਦਿਨ ਦੇ ਵਕਫੇ ਤੋਂ ਬਾਅਦ ਦੇਣਾ ਚਾਹੀਦਾ ਹੈ।

**ਪਰਵਿੰਦਰ ਸਿੰਘ ਅਤੇ ਪਰਵਿੰਦਰ ਸਿੰਘ ਸੰਧੂ,**
**ਐਫ. ਏ. ਐਸ. ਸੀ., ਤਰਨਤਾਰਨ**
**ਮੋਬਾਇਲ : 81463-22553**

# ਕੁਦਰਤ ਦੀ ਸੰਭਾਲ ਅਤੇ ਭਵਿੱਖ ਦੀ ਰੱਖਿਆ ਲਈ ਟਿਕਾਊ ਖੇਤੀ

**ਸਤਿਬੀਰ ਸਿੰਘ ਗੋਸਲ, ਵਾਈਸ ਚਾਂਸਲਰ,**
**ਅਜਮੇਰ ਸਿੰਘ ਢੱਟ, ਨਿਰਦੇਸ਼ਕ ਖੋਜ**



ਸਾਡੇ ਸੂਬੇ ਦਾ ਖੇਤੀਬਾੜੀ ਵਿਕਾਸ ਲਗਭਗ ਹਰ ਸਾਲ ਕਿਸੇ ਨਾ ਕਿਸੇ ਚੁਣੌਤੀ ਨਾਲ ਘਿਰਿਆ ਰਹਿੰਦਾ ਹੈ। ਧਰਤੀ ਦੇ ਹੇਠਲੇ ਪਾਣੀ ਦੇ ਪੱਧਰ ਦੇ ਹੇਠਾਂ ਜਾਣ ਅਤੇ ਮੌਸਮੀ ਬਦਲਾਅ ਦੇ ਵੱਖ-ਵੱਖ ਰੂਪਾਂ (ਬੇਮੌਸਮੀ ਬਾਰਿਸ਼ਾਂ, ਵਧਦਾ ਤਾਪਮਾਨ) ਵਰਗੀਆਂ ਵੱਡੀਆਂ ਚੁਣੌਤੀਆਂ ਦੇ ਹੁੰਦੇ ਹੋਏ ਅਜੋਕੇ ਸਮੇਂ ਵਿਚ ਝੋਨੇ-ਕਣਕ ਦੇ ਫਸਲੀ ਚੱਕਰ ਦੇ ਮੰਡੀਕਰਣ ਅਤੇ ਲਾਗਤਾਂ ਖਾਸ ਕਰਕੇ ਖਾਦਾਂ ਦੀ ਉਪਲੱਬਧਤਾ ਦੇ ਨਤੀਜੇ ਵਜੋਂ ਸਾਨੂੰ ਇਸ ਫਸਲ ਪ੍ਰਣਾਲੀ ਦੇ ਭਵਿੱਖ ਤੇ ਵਿਚਾਰ ਕਰਨਾ ਪੈ ਰਿਹਾ ਹੈ। ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਕਿ ਫਸਲੀ ਵਿਭਿੰਨਤਾ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਖੇਤੀਬਾੜੀ ਦੇ ਵਿਕਾਸ ਦੇ ਰਾਹ ਵਿਚ ਆਉਂਦੀਆਂ ਮੁਸ਼ਕਿਲਾਂ ਦਾ ਇੱਕੋ ਇੱਕ ਹੱਲ ਹੈ। ਫਸਲੀ ਵਿਭਿੰਨਤਾ ਕਈ ਦਹਾਕਿਆਂ ਤੋਂ ਖੇਤੀਬਾੜੀ ਨੀਤੀ ਅਤੇ ਅਕਾਦਮਿਕ ਚਰਚਾਵਾਂ ਦਾ ਵਿਸ਼ਾ ਕੇਂਦਰ ਬਣਿਆ ਰਿਹਾ ਹੈ ਪਰ ਸਾਡੇ ਸੂਬੇ ਵਿਚ ਹੁਣ ਤੱਕ ਇਸ ਦੇ ਮਨਚਾਹੇ ਨਤੀਜੇ ਹਾਸਿਲ ਨਹੀਂ ਕੀਤੇ ਪੰਜਾਬ ਵਿਚ 70ਵਿਆਂ ਦੇ ਦਹਾਕੇ ਦੌਰਾਨ ਝੋਨੇ ਹੇਠਾਂ ਰਕਬਾ ਨਾ ਸਿਰਫ ਦੁੱਗਣਾ ਹੋਇਆ ਬਲਕਿ ਇਸਨੇ ਮੱਕੀ, ਬਾਜਰਾ ਅਤੇ ਮੂੰਗਫਲੀ ਵਰਗੀਆਂ ਰਵਾਇਤੀ ਫਸਲਾਂ ਦੇ ਰਕਬੇ ਨੂੰ ਖੋਰਾ ਵੀ ਲਾਇਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਖੇਤੀਬਾੜੀ ਨੂੰ ਬਚਾਈ ਰੱਖਣ ਲਈ ਕਈ ਉਪਰਾਲੇ ਕੀਤੇ ਹਨ। ਕੱਦੂ ਕੀਤੇ ਝੋਨੇ ਦੇ ਤੇਜ਼ ਵਿਸਥਾਰ ਦੇ ਦਹਾਕੇ ਵਿਚ ਹੀ ਸੁਕਾ ਕੇ ਪਾਣੀ ਲਾਉਣ ਦੀ ਵਿਧੀ ਨੂੰ ਸਿਫਾਰਸ਼ ਕਰ ਦਿੱਤਾ ਗਿਆ ਸੀ। ਇਹ ਤਕਨੀਕ ਝੋਨੇ ਦੇ ਕਾਰਨ ਜ਼ਮੀਨੀ ਪਾਣੀ ਦੇ ਪੱਧਰ ਦੀ ਗਿਰਾਵਟ ਨੂੰ ਰੋਕਣ  ਦਾ ਪਹਿਲਾਂ ਹੰਭਲਾ ਸੀ। ਝੋਨੇ ਦੀਆਂ ਥੋੜ੍ਹਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਸਿਫਾਰਸ਼ ਨੇ ਜ਼ਮੀਨੀ ਪਾਣੀ ਦੀ ਗਿਰਾਵਟ ਨੂੰ ਰੋਕਣ ਅਤੇ ਪਰਾਲੀ ਦੀ ਸਾਂਭ-ਸੰਭਾਲ ਦੇ ਉਪਰਾਲਿਆਂ ਵਿਚ ਵੱਡਾ ਯੋਗਦਾਨ ਪਾਇਆ। ਯੂਨੀਵਰਸਿਟੀ ਦੇ ਝੋਨੇ ਦੀਆਂ ਕਿਸਮਾਂ ਦੀ ਖੋਜ ਕਰਮੀਆਂ ਦੀਆਂ ਸੂਖਮ ਅਤੇ ਦੂਰ ਦ੍ਰਿਸ਼ਟੀ ਨਾਲ ਪੀ ਆਰ 126 ਕਿਸਮ ਦੀ ਖੋਜ ਹੋਈ ਜਿਹੜੀ ਕਿ ਲੁਆਈ ਤੋਂ 93 ਦਿਨਾਂ ਤੇ ਪੱਕ ਕੇ ਤਿਆਰ ਹੋ ਜਾਂਦੀ ਹੈ। ਜੇਕਰ ਇਸ ਦੀ ਤੁਲਨਾ ਲੰਮਾ ਸਮਾਂ ਲੈਣ ਵਾਲੀ ਪੂਸਾ 44 ਨਾਲ ਕੀਤੀ ਜਾਵੇ ਤਾਂ ਪੀ ਆਰ-126 ਕਿਸਮ 35 ਸੈਂਟੀਮੀਟਰ ਸਿੰਚਾਈ ਵਾਲਾ ਪਾਣੀ ਬਚਾਉਂਦੀ ਹੈ, ਖੇਤ ਨੂੰ ਛੇਤੀ ਵਿਹਲਾ ਕਰਕੇ ਪਰਾਲੀ ਨੂੰ ਸੰਭਾਲਣ ਲਈ ਤਕਰੀਬਨ 25-40 ਦਿਨਾਂ ਦਾ ਵਕਫਾ ਜਿਹੜਾ ਕਿ ਪੂਸਾ 44 ਨਾਲੋਂ 5 ਦਿਨ ਜ਼ਿਆਦਾ ਹੈ ਅਤੇ 10 ਫੀਸਦੀ ਘੱਟ ਪਰਾਲੀ ਪੈਦਾ ਕਰਦੀ ਹੈ।

ਵੱਖ-ਵੱਖ ਸਮਿਆਂ ਦੌਰਾਨ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਨਰਮੇ ਹੇਠਾਂ ਰਕਬੇ ਨੂੰ ਵਧਾਇਆ ਨਹੀਂ ਜਾ ਸਕਿਆ ਕਿਉਂਕਿ ਨਰਮੇ ਦੇ ਮੁਕਾਬਲੇ ਝੋਨੇ ਵਿਚ ਮੌਸਮੀ ਬਦਲਾਅ ਅਤੇ ਹੋਰ ਅਲਾਮਲਾਂ ਨੂੰ ਸਹਿਣ ਦੀ ਜ਼ਿਆਦਾ ਸਮਰੱਥਾ ਹੈ। ਲਗਾਤਾਰ ਮੌਸਮੀ ਤਬਦੀਲੀਆਂ ਕਾਰਨ ਨਰਮੇ ਨੇ ਕਾਸ਼ਤਕਾਰਾਂ ਨੂੰ ਝੋਨੇ ਦੀ ਕਾਸ਼ਤਕਾਰਾਂ ਨੂੰ ਝੋਨੇ ਦੀ ਕਾਸ਼ਤ ਵੱਲ ਮੁੜਨ ਤੋਂ ਇਲਾਵਾ ਕੋਈ ਹੋਰ ਬਦਲ ਲਾਹੇਵੰਦ ਨਹੀਂ ਲੱਗਾ। ਇਸੇ ਹੀ ਤਰ੍ਹਾਂ ਸਾਉਣੀ ਰੁੱਤ ਦੀ ਮੱਕੀ ਵੀ ਝੋਨੇ ਦੇ ਰਕਬੇ ਨੂੰ ਘਟਾਉਣ ਵਿਚ ਅਸਫਲ ਰਹੀ ਹੈ। ਪਰ ਚਾਰੇ ਦੇ ਅਚਾਰ ਦੀ ਵਧਦੀ ਮੰਗ ਅਤੇ ਸਾਉਣੀ ਰੁੱਤ ਦੀ ਮੱਕੀ ਨਾਲੋਂ ਜ਼ਿਆਦਾ ਝਾੜ ਕਰਕੇ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਬਹਾਰ ਰੁੱਤ ਦੀ ਮੱਕੀ ਜਦੋਂ ਅਪ੍ਰੈਲ-ਮਈ ਦੇ ਮਹੀਨਿਆਂ ਵਿਚ ਵਾਧੇ ਤੇ ਹੁੰਦੀ ਹੈ ਤਾਂ ਇਹ ਝੋਨੇ ਦੇ ਬਰਾਬਰ ਪਾਣੀ ਦੀ ਖਪਤ ਕਰਦੀ ਹੈ। ਇਸੇ ਲਈ ਬਹਾਰ ਰੁੱਤ ਦੀ ਮੱਕੀ ਨੂੰ ਤੁਪਕਾ ਸਿੰਚਾਈ ਵਿਚ ਬੀਜਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਸ ਨਾਲ ਨਾ ਸਿਰਫ ਪਾਣੀ ਅਤੇ ਖਾਦਾਂ ਦੀ ਬੱਚਤ ਹੁੰਦੀ ਹੈ ਬਲਕਿ ਝਾੜ ਦੇ ਵਿਚ ਹੀ ਵਾਧਾ ਹੁੰਦਾ ਹੈ। ਨਰਮੇ ਦੀ ਕਾਸ਼ਤ ਨਾ ਕਰਨ ਵਾਲੇ ਇਲਾਕਿਆਂ ਵਿਚ ਬਦਲਵੀਆਂ ਫਸਲਾਂ ਜਿਵੇਂ ਕਿ ਗਰਮ ਰੁੱਤ ਦੀ ਮੂੰਗੀ ਨਾਲ ਸਿਰਫ ਵਧੇਰੇ ਮੁਨਾਫਾ ਹੁੰਦਾ ਹੈ ਸਗੋਂ ਇਸ ਨਾਲ ਜ਼ਮੀਨੀ ਸਿਹਤ ਦਾ ਸੁਧਾਰ ਹੁੰਦਾ ਹੈ ਅਤੇ ਜ਼ਮੀਨੀ ਪਾਣੀ ਦੀ ਵੀ ਘੱਟ ਖਪਤ ਹੁੰਦੀ ਹੈ।

ਪੰਜਾਬ ਸੂਬੇ ਵਿਚ ਬਾਸਮਤੀ ਦੀ ਫਸਲ ਇਕ ਮਹੱਤਵਪੂਰਨ ਬਦਲਵੀਂ ਫਸਲ ਵਜੋਂ ਉੱਭਰੀ ਹੈ। ਇਸ ਦੀ ਕਾਸ਼ਤ ਜ਼ਿਆਦਾਤਰ ਅੰਮ੍ਰਿਤਸਰ, ਸ਼੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਤਰਨਤਾਰਨ ਅਤੇ ਸੰਗਰੂਰ ਜ਼ਿਲ੍ਹਿਆਂ ਵਿਚ ਹੋ ਰਹੀ ਹੈ, ਵੱਧ ਰਕਬੇ ਵਿਚ ਕਾਸ਼ਤ ਕਾਰਨ ਬਾਸਮਤੀ ਦੀਆਂ ਕੀਮਤਾਂ ਵਿਚ ਉਤਰਾਅ-ਚੜ੍ਹਾਅ ਇਸਦੀ ਕਾਸ਼ਤ ਵਿਚ ਮੁੱਖ ਤੌਰ 'ਤੇ ਰੁਕਾਵਟ ਹੈ। ਯੂਰੋਪੀਅਨ ਯੂਨੀਅਨ ਦੇ ਕਰੜੇ ਕੀਟ-ਨਾਸ਼ਕ ਨਿਯਮ ਬਾਸਮਤੀ ਦੀ ਕਾਸ਼ਤ ਵਿਚ ਇਕ ਹੋਰ ਚੁਣੌਤੀ ਹਨ। ਬਾਸਮਤੀ ਦੀ ਪਰਾਲੀ ਨੂੰ ਕਈ ਤਰੀਕਿਆਂ ਨਾਲ ਵਰਤਿਆ ਜਾ ਸਕਦਾ ਹੈ ਅਤੇ ਇਸਨੂੰ ਝੋਨੇ ਦੀ ਪਰਾਲੀ ਵਾਂਗ ਅੱਗ ਨਹੀਂ ਲਗਾਈ ਜਾਂਦੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਇਸ ਫਸਲ ਲਈ ਵਾਤਾਵਰਨ ਹਿਤੈਸ਼ੀ ਪੌਦ ਸੁਰੱਖਿਆ ਵਿਚ ਮੁੱਢਾਂ ਦੇ ਗਾਲੇ ਲਈ ਇਕ ਜੀਵਨਾਸ਼ੀ ਦਾ ਪੰਜੀਕਰਨ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਬਾਗਬਾਨੀ ਫਸਲਾਂ ਹੇਠਾਂ ਰਕਬਾ ਲਗਾਤਾਰ ਵੱਧ ਰਿਹਾ ਹੈ। ਇਸ ਵਿਚ ਆਲੂ ਦੇ ਬੀਜ ਦੀ ਪੈਦਾਵਾਰ ਲਈ ਅਸੀਂ ਮੋਹਰੀ ਹਾਂ। ਇਸੇ ਤਰ੍ਹਾਂ ਕਿੰਨੂ ਵੀ ਇਕ ਬਹੁਤ ਮਹੱਤਵਪੂਰਨ ਫਸਲ ਹੈ। ਸਾਨੂੰ ਇਸਦਾ ਨਿਰਯਾਤ ਗੁਆਂਢੀ ਸੂਬਿਆਂ ਨੂੰ ਕਰਨ ਲਈ ਕਦਮ ਚੁੱਕਣ ਦੀ ਲੋੜ ਹੈ।

ਸਾਨੂੰ ਫਸਲੀ ਵਿਭਿੰਨਤਾ ਦੇ ਇਹਨਾਂ ਵੱਖ-ਵੱਖ ਕਾਰਜਾਂ ਨੂੰ ਸਿਰੇ ਚੜ੍ਹਾਉਣ ਅਤੇ ਇਕਜੁਟ ਕਰਨ ਲਈ ਉਪਜ ਦੇ ਮੰਡੀਕਰਨ ਦੇ ਨਵੇਂ ਤਰੀਕੇ ਇਜਾਦ ਕਰਨੇ ਚਾਹੀਦੇ ਹਨ। ਇਸ ਸਾਰੀਆਂ ਗਤੀਵਿਧੀਆਂ ਖੇਤੀਬਾੜੀ ਕਾਰੋਬਾਰ ਦੇ ਅਧੀਨ ਆਉਂਦੀਆਂ ਹਨ। ਸਾਡੇ ਵਿਚਾਰਰ ਵਿਚ ਖੇਤੀਬਾੜੀ ਕਾਰੋਬਾਰ ਨੂੰ ਯੂਨੀਵਰਸਿਟੀ ਦੇ ਖੋਜ, ਸਿੱਖਿਆ ਅਤੇ ਪਸਾਰ ਦੀ ਰਵਾਇਤੀ ਤਿੰਨ ਉਦੇਸ਼ਾਂ ਦੇ ਨਾਲ ਚੌਥੇ ਉਦੇਸ਼ ਦੇ ਤੌਰ ਤੇ ਸ਼ਾਮਿਲ ਕਰਨਾ ਚਾਹੀਦਾ ਹੈ। ਸਾਡੇ ਸੂਬੇ ਦੀ ਖੇਤੀਬਾੜੀ ਵਿਚ ਜ਼ਿਆਦਾਤਰ ਕਾਸ਼ਤਕਾਰ ਛੋਟੇ ਅਤੇ ਸੀਮਾਂਤ ਸ਼੍ਰੇਣੀ ਵਿਚ ਹਨ। ਇਹਨਾਂ ਕਿਸਾਨਾਂ ਨੂੰ ਖੇਤੀਬਾੜੀ ਕਾਰੋਬਾਰ ਦੇ ਜ਼ਰੀਏ ਕੌਮਾਤਰੀ ਅਤੇ ਅੰਤਰਰਾਸ਼ਟਰੀ ਮੰਡੀਆਂ ਦੇ ਨਾਲ ਜੋੜਨ ਦੀ ਲੋੜ ਹੈ। ਯੂਨੀਵਰਸਿਟੀ ਦੇ ਸਕਿੱਲ ਡਿਵੈਲਪਮੈਂਟ ਸੈਂਟਰ ਰਾਹੀਂ ਖੋਜ ਦੀਆਂ ਵੱਖ-ਵੱਖ ਸਿਫਾਰਸ਼ਾਂ ਦੀ ਜ਼ਮੀਨੀ ਪੱਧਰ ਤੇ ਵਿਸਥਾਰ ਕੀਤਾ ਜਾਂਦਾ ਹੈ। ਇਸ ਅਦਾਰੇ ਵੱਲੋਂ 30 ਤੋਂ ਵੱਧ ਖੇਤੀਬਾੜੀ ਉੱਦਮੀਆਂ ਨੂੰ ਸਿਖਲਾਈ ਦਿੱਤੀ ਗਈ ਹੈ। ਯੂਨੀਵਰਸਿਟੀ ਵੱਲੋਂ 330 ਤੋਂ ਵੱਧ ਖੇਤੀ ਜਿਣਸਾਂ ਦੀ ਪ੍ਰੋਸੈਸਿੰਗ ਦੇ ਅਦਾਰਿਆਂ ਦੀ ਸਥਾਪਨਾ ਨਹੀਂ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਹੈ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਦੋ ਸਕੀਮਾਂ ਨੈਸ਼ਨਲ ਇਨੀਸ਼ੀਏਟਿਵ ਫਾਰ ਡਿਵੈਲਪਿੰਗ ਫਾਰ ਡਿਵੈਲਪਿੰਗ ਐਂਡ ਹਾਰਨੈਸਿੰਗ ਇਨੋਵੇਸ਼ਨਜ਼ (ਨਿਧੀ) ਅਤੇ ਪੰਜਾਬ ਐਗਰੀ ਬਿਜ਼ਨਸ ਇਨਕਿਊਬੇਟਰ (ਪਾਬੀ) ਅਧੀਨ 30 ਤੋਂ ਵੱਧ ਖੇਤੀਬਾੜੀ ਉੱਦਮੀਆਂ ਨੂੰ ਵਿੱਤੀ ਸਹਾਇਤਾ (5/25 ਲੱਖ ਰੁਪਏ, ਕੁੱਲ 10 ਕਰੋੜ ਰੁਪਏ) ਪ੍ਰਦਾਨ ਕੀਤੀ ਹੈ।

ਯੂਨੀਵਰਸਿਟੀ ਵੱਲੋਂ ਰਾਜ ਦੇ ਕਿਸਾਨਾਂ ਨੂੰ ਟਿਕਾਊ ਖੇਤੀ ਤਕਨਾਲੋਜੀਆਂ ਪ੍ਰਦਾਨ ਕਰਨ ਦੀ ਆਪਣੀ ਰਵਾਇਤ ਨੂੰ ਜਾਰੀ ਰੱਖਦੇ ਹੋਏ ਇਸ ਸਾਲ ਝੋਨੇ ਦੀ ਇਕ ਨਵੀਂ ਕਿਸਮ ਪੀ ਆਰ-132 ਜਾਰੀ ਕੀਤੀ ਹੈ, ਜਿਹੜੀ ਸਿਫਾਰਸ਼ ਕੀਤੀ ਨਾਈਟ੍ਰੋਜਨ ਦੀ ਖਾਦ ਨੂੰ 25 ਫੀਸਦੀ ਘਟਾਉਣ ਨਾਲ ਵੀ ਵਧੀਆ ਝਾੜ ਦਿੰਦੀ ਹੈ। ਮੱਕੀ ਦੀ ਨਵੀਂ ਦੋਗਲੀ ਕਿਸਮ ਪੀ ਐਮ ਐਚ--17 ਨਾ ਸਿਰਫ ਵਧੇਰੇ ਝਾੜ ਦਿੰਦੀ ਹੈ ਬਲਕਿ ਅਚਾਰ ਬਨਾਉਣ ਅਤੇ ਈਥਾਨੌਲ ਦੇ ਉਤਪਾਦਨ ਲਈ ਵੀ ਢੁੱਕਵੀਂ ਹੈ। ਪੰਜਾਬ ਵਿਚ ਹਾਈਟੈੱਕ ਪੌਲੀਹਾਊਸ ਦੇ ਅੰਦਰ ਇਕ ਨਵੀਂ ਫਸਲ ਐਥੂਰੀਅਮ ਅਤੇ ਇਸਦੀ ਕਿਸਮ ਜੱਬੋ ਰੈੱਡ ਦੀ ਸਿਫਾਰਿਸ਼ ਕੀਤੀ ਗਈ ਹੈ। ਇਸੇ ਤਰ੍ਹਾਂ ਭੋਜਨ ਅਤੇ ਪੋਸ਼ਣ ਸੁਰੱਖਿਆ ਨੂੰ ਯਕੀਨੀ ਬਨਾਉਣ ਅਤੇ ਖੇਤੀਬਾੜੀ ਤੋਂ ਆਮਦਨ ਵਧਾਉਣ ਲਈ ਕਮਾਦ, ਛੋਟੇ ਅਨਾਜ, ਗਰੇਪਫਰੂਟ, ਗੁਰਬੇਰੀ, ਗਲੈਡੀਓਲਿਸ, ਲਿਲੀਅਮ, ਗੇਂਦਾ, ਫਰੈਂਚ, ਆਲੂ ਪੁਦੀਨਾ ਗੁਲਦਾਉਦੀ, ਗਾਜਰ, ਫੁੱਲ ਗੋਭੀ ਆਦਿ ਫਸਲਾਂ ਦੀਆਂ ਨਵੀਆਂ ਜਾਰੀ ਕੀਤੀਆਂ ਉੱਤਮ ਕਿਸਮਾਂ ਦੇ ਨਹੀ ਢੁੱਕਵੀਆਂ ਪੌਦ ਸੁਰੱਖਿਆ ਤਕਨੀਕਾਂ ਦੀ ਸਿਫਾਰਸ਼ ਕੀਤੀ ਹੈ। ਸਾਨੂੰ ਇਸ ਗੱਲ ਵੱਲ ਖਾਸ ਤਵੱਜੋ ਦੇਣ ਦੀ ਲੋੜ ਹੈ ਕਿ ਝੋਨੇ ਦੀ ਲੁਆਈ 15 ਜੁਲਾਈ ਤੋਂ ਬਾਅਦ ਨਾ ਕੀਤੀ ਜਾਵੇ ਤਾਂ ਕਿ ਦਾਣਿਆਂ ਦੀ ਵੱਧ ਨਮੀਂ ਅਤੇ ਪਿਛੇਤ ਨਾਲ ਪੱਕਣ ਦੀ ਸਮੱਸਿਆ ਤੋਂ ਬਚਿਆ ਜਾ ਸਕੇ।

ਅੰਤ ਵਿਚ ਅਸੀਂ ਤੁਹਾਨੂੰ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਸਾਨੂੰ ਕੁਦਰਤੀ ਸਰੋਤਾਂ ਦਾ ਖਿਆਲ ਰੱਖਦੇ ਹੋਏ ਖੁਸ਼ਹਾਲੀ ਅਤੇ ਹਰੀ ਕ੍ਰਾਂਤੀ ਦੇ ਮੋਢੀ ਹੋਣ ਦੇ ਵੱਕਾਰ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਹੁਣ ਸਮਾਂ ਆ ਗਿਆ ਹੈ ਕਿ ਅਸੀਂ ਖੇਤੀਬਾੜੀ ਵਪਾਰ ਦੇ ਖੇਤਰ ਵਿਚ ਆਪਣੀ ਹੋਂਦ ਬਣਾਉਣ ਲਈ ਫਸਲੀ ਵਿਭਿੰਨਤਾ ਵੱਲ ਮੁੜੀਏ।

# ਪਿਆਜ਼ ਦਾ ਮਿਆਰੀ ਬੀਜ ਪੈਦਾ ਕਰਨ ਲਈ ਜ਼ਰੂਰੀ ਨੁਕਤੇ

★ ਮਿਆਰੀ ਬੀਜ ਉਤਪਾਦਨ ਲਈ ਖੇਤ ਦਾ ਫੁੱਲ ਖਿੜਨ ਤੋਂ ਪਹਿਲਾਂ, ਫੁੱਲ ਪੈਣ ਸਮੇਂ ਅਤੇ ਪੱਕਣ ਸਮੇਂ ਨਿਰੀਖਣ ਜ਼ਰੂਰ ਕਰੋ। ਨਿਰੀਖਣ ਦੌਰਾਨ ਓਪਰੇ ਬੂਟੇ, ਅਗੇਤੇ ਅਤੇ ਜ਼ਿਆਦਾ ਪਿਛੇਤੇ ਗੰਢਿਲਾਂ ਕੱਢਣ ਵਾਲੇ ਬੂਟੇ ਅਤੇ ਹੋਰ ਨਦੀਨ ਦੇ ਬੂਟੇ ਪੁੱਟ ਦਿਓ। ਬੀਜ ਦੇ ਰਲੇਵੇਂ ਤੋਂ ਬਚਾਅ ਲਈ ਇੱਕ ਕਿਲੋਮੀਟਰ ਦੇ ਦਾਇਰੇ ਦੇ ਪਿਆਜ਼ ਦੀ ਕਿਸੇ ਹੋਰ ਕਿਸਮ ਦਾ ਖੇਤ ਨਹੀਂ ਹੋਣਾ ਚਾਹੀਦਾ।

★ ਫੁੱਲਾਂ ਅਤੇ ਬੀਜਾਂ ਦੇ ਬਣਨ ਦੇ ਸਮੇਂ ਸਿੰਚਾਈ ਆਮ ਨਾਲੋਂ ਵਧੇਰੇ ਵਾਰ ਕੀਤੀ ਜਾਣੀ ਚਾਹੀਦੀ ਹੈ। ਇਸ ਦੌਰਾਨ ਕਾਫੀ ਸਾਵਧਾਨੀ ਦੀ ਲੋੜ ਹੁੰਦੀ ਹੈ। ਜਿੱਥੇ ਪਾਣੀ ਦੀ ਘਾਟ ਨਾਲ ਫੁੱਲਾਂ ਦੀ ਗਿਣਤੀ ਉੱਪਰ ਅਸਰ ਪੈਂਦਾ ਹੈ, ਉੱਥੇ ਹੀ ਲੋੜ ਤੋਂ ਜ਼ਿਆਦਾ ਪਾਣੀ ਨਾਲ ਗੰਢੇ ਗਲਣ ਅਤੇ ਫੁੱਲਾਂ ਵਾਲੀ ਡੰਡੀ ਬਿਮਾਰੀਆਂ ਦੀ ਚਪੇਟ ਵਿਚ ਆ ਕੇ ਸੁੱਕਣ ਦੀ ਸਮੱਸਿਆ ਆ ਸਕਦੀ ਹੈ।

★ ਥਰਿੱਪ (ਜੂੰ) ਬੀਜ ਦੀ ਫਸਲ ਦਾ ਮੁੱਖ ਕੀੜਾ ਹੈ, ਜੋ ਕਿ ਫਰਵਰੀ ਤੋਂ ਮਈ ਤੱਕ ਭੂਕਾਂ ਦਾ ਰਸ ਚੂਸਦਾ ਹੈ। ਚਿੱਟੇ ਧੱਬੇ ਪੈਦਾ ਕਰਦਾ ਹੈ ਅਤੇ ਫੁੱਲ ਪੈਣ ਸਮੇਂ ਭਾਰੀ ਨੁਕਸਾਨ ਕਰਦਾ ਹੈ। ਇਸ ਦੀ ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ।

★ ਜਾਮਨੀ ਧੱਬੇ ਅਤੇ ਪੀਲੇ ਧੱਬਿਆਂ ਦੇ ਰੋਗ ਬੀਜ ਵਾਲੀ ਫਸਲ ਦੀਆਂ ਮੁੱਖ ਬਿਮਾਰੀਆਂ ਹਨ।



ਫੁੱਲਾਂ ਵਾਲੀ ਡੰਡੀ ਅਤੇ ਭੂਕ ਉੱਪਰ ਜਾਮਨੀ ਰੰਗ ਦੇ ਜਾਂ ਪੀਲੇ ਧੱਬੇ ਦੇ ਨਿਸ਼ਾਨ ਇਹਨਾਂ ਬਿਮਾਰੀਆਂ ਦਾ ਸੰਕੇਤ ਦਿੰਦੇ ਹਨ। ਪਹਿਲੇ ਲੱਛਣ ਦਿਸਣ ਤੇ 300 ਗ੍ਰਾਮ ਕੈਵੀਅਟ 25 ਡਬਲਯੂ ਜੀ ਜਾਂ 600 ਗ੍ਰਾਮ ਇੰਡੋਫਿਲ ਐਮ-45 ਦੇ ਨਾਲ 220 ਮਿਲੀਲੀਟਰ ਟਰਾਈਟੋਨ ਜਾਂ ਅਲਸੀ ਦਾ ਤੇਲ 200 ਲਿਟਰ ਪਾਣੀ ਪ੍ਰਤੀ ਏਕੜ ਵਿਚ ਘੋਲ ਕੇ 10 ਦਿਨ ਦੇ ਵਕਫੇ ਤੇ ਛਿੜਕਾਅ ਕਰੋ।

★ ਭਾਵੇਂ ਕਿ ਪਿਆਜ਼ ਵਿਚ ਨਰ ਅਤੇ ਮਾਦਾ ਭਾਗ ਇੱਕੋ ਫੁੱਲ ਵਿਚ ਮੌਜੂਦ ਹੁੰਦੇ ਹਨ, ਪਰ ਕੁਦਰਤੀ ਕਿਰਿਆ ਕਾਰਨ ਨਰ ਭਾਗ ਦੇ ਚਿਪਚਿਪੇ ਅਤੇ ਗਿੱਲੇ ਪਰਾਗ ਮਾਦਾ ਭਾਗ ਦੇ ਨਾਲ ਸਹੀ ਸਮੇਂ ਮਿਲਾਪ ਨਹੀਂ ਕਰ ਪਾਉਂਦੇ। ਇਸ ਲਈ ਪਰ ਪਰਾਗਣ ਦੀ ਕਿਰਿਆ ਨੂੰ ਨੇਪਰੇ ਚਾੜਨ ਲਈ ਕੀੜੇ-ਮਕੌੜਿਆਂ ਜਾਂ ਹਵਾ ਦੀ ਲੋੜ ਹੁੰਦੀ ਹੈ। ਬੀਜ ਦਾ ਵਧੇਰੇ ਝਾੜ ਲੈਣ ਲਈ ਖੇਤ ਵਿਚ ਮਧੂ ਮੱਖੀਆਂ ਦੇ ਬਕਸੇ ਰੱਖੋ। ਕੀਟਨਾਸ਼ਕਾਂ ਦੀ ਸਪਰੇਅ ਦੁਪਹਿਰ ਸਮੇਂ ਨਹੀਂ ਕਰਨੀ ਚਾਹੀਦੀ ਹੈ, ਕਿਉਂਕਿ ਇਸ ਸਮੇਂ ਪਰ ਪਰਾਗ ਕਰਨ ਵਾਲੇ ਕੀੜੇ ਖੇਤ ਵਿਚ ਜ਼ਿਆਦਾ ਹਰਕਤ ਵਿਚ ਹੁੰਦੇ ਹਨ। ਫੁੱਲਾਂ ਵਿੱਚ ਜਦੋਂ 20-25 ਪ੍ਰਤੀਸ਼ਤ ਬੀਜ ਦਾ ਰੰਗ ਕਾਲਾ ਹੋ ਜਾਵੇ ਤਾਂ ਫੁੱਲ ਨੂੰ ਡੰਡੀ ਸਮੇਤ (ਅੱਧਾ ਫੁੱਟ ਲੰਬਾਈ) ਕੱਟ ਲੈਣਾ ਚਾਹੀਦਾ ਹੈ। ਸਾਰੇ ਫੁੱਲ ਇੱਕੋ ਸਮੇਂ ਨਹੀਂ ਪੱਕਦੇ। ਫੁੱਲ ਪੱਕਣ ਦੇ ਅਨੁਸਾਰ ਇਸ ਤਰੀਕੇ 2-3 ਵਾਰੀਆਂ ਵਿਚ ਬੀਜ ਕੱਟ ਲਵੋ।

★ ਬੀਜ ਦੀ ਕਟਾਈ, ਪਕਾਉਣ ਅਤੇ ਗਹਾਈ ਸਮੇਂ ਗਰਮ ਖੁਸ਼ਕ ਮੌਸਮ ਢੁੱਕਵਾਂ ਹੈ। ਕੱਟੀਆਂ ਹੋਈਆਂ ਫੁੱਲ ਵਾਲੀ ਡੰਡੀਆਂ ਨੂੰ ਛਾਂ ਵਾਲੀ ਹਵਾਦਾਰ ਜਗ੍ਹਾ ਤੇ ਸੁਕਾਉਣ ਉਪਰੰਤ ਗਹਾਈ ਕਰਕੇ ਬੀਜ ਕੱਢ ਲਵੋ। ਇਸ  ਉਪਰੰਤ ਪੱਖੇ ਦੀ ਹਵਾ ਜਾਂ 2-3 ਮਿੰਟ ਲਈ ਪਾਣੀ ਵਿਚ ਨਿਤਾਰ ਕੇ ਸਾਫ ਕਰ ਲਵੋ। ਜ਼ਿਆਦਾ ਸਮਾਂ ਪਾਣੀ ਵਿਚ ਡੁਬਾਉਣ ਨਾਲ ਬੀਜ ਦੀ ਜੰਮਣ ਸ਼ਕਤੀ ਤੇ ਮਾੜਾ ਅਸਰ ਪੈ ਸਕਦਾ ਹੈ। ਸਾਫ ਕਰਨ ਅਤੇ ਸੁਕਾਉਣ ਤੋਂ ਬਾਅਦ ਬੀਜ ਨੂੰ ਘੱਟ ਤਾਪਮਾਨ ਅਤੇ ਘੱਟ ਨਮੀਂ ਤੇ ਸਟੋਰ ਕਰਨਾ ਚਾਹੀਦਾ ਹੈ।

**ਬੀ ਐੱਸ ਸੇਖੋਂ ਅਤੇ ਸਿਮਰਨਜੀਤ ਕੌਰ,**
**ਕ੍ਰਿਸ਼ੀ ਵਿਗਿਆਨ ਕੇਂਦਰ ਫਿਰੋਜ਼ਪੁਰ,**
**ਮੋਬਾਇਲ : 78328-48550**

# ਇਸ ਵਾਰ ਵੀ ਖੁੱਲ੍ਹ ਕੇ ਨਹੀਂ ਵਰ੍ਹੇਗਾ ਮੌਨਸੂਨ

ਭਾਰਤੀ ਖੇਤੀ ਤੇ ਅਰਥਚਾਰੇ ਲਈ ਚੰਗੀ ਸੂਚਨਾ ਹੈ ਕਿ ਲਾ ਨੀਨਾ ਦੇ ਅਸਰ ਦਾ ਡਰ ਖਤਮ ਹੋ ਗਿਆ ਹੈ। ਪ੍ਰਸ਼ਾਂਤ ਮਹਾਂਸਾਗਰ ਦੀ ਸਤ੍ਹਾ 'ਤੇ ਇਸ ਦੀ ਸਥਿਤੀ ਅਤਿਅੰਤ ਕਮਜ਼ੋਰ ਹੈ ਤੇ ਸਮਾਂ ਬਹੁਤ ਥੋੜ੍ਹਾ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਗਿਆਨੀਆਂ ਦਾ ਮੰਨਣਾ ਹੈ ਕਿ ਮੱਧ ਅਪ੍ਰੈਲ ਤੱਕ ਇਹ ਸਾਧਾਰਨ ਸਥਿਤੀ 'ਚ ਆ ਜਾਏਗਾ, ਜਿਸ ਨੂੰ ਮੌਨਸੂਨੀ ਬਾਰਿਸ਼ ਲਈ ਚੰਗਾ ਮੰਨਿਆ ਜਾਂਦਾ ਹੈ। ਹਾਲੇ ਤੱਕ ਜਿਹੜੇ ਸੰਕੇਤ ਹਨ, ਉਸ ਮੁਤਾਬਕ ਮੌਨਸੂਨ ਦਾ ਪਹਿਲਾ ਪੜਾਅ ਕਮਜ਼ੋਰ ਨਹੀਂ ਹੋਣ ਜਾ ਰਿਹਾ। ਦੂਜੇ ਪੜਾਅ ਦੇ ਮੌਨਸੂਨ ਦਾ ਅਧਿਐਨ ਕੀਤਾ ਜਾ ਰਿਹਾ ਹੈ। ਭਾਰਤ ਮੌਸਮ ਵਿਭਾਗ (ਆਈ ਐੱਮ ਡੀ) ਵੱਲੋਂ ਅਪ੍ਰੈਲ ਦੇ ਦੂਜੇ ਹਫਤੇ 'ਚ ਮੌਨਸੂਨ ਦੇ ਆਗਮਨ ਦੇ ਸਥਿਤੀ ਦਾ ਅਨੁਮਾਨ ਜਾਰੀ ਕੀਤਾ ਜਾਂਦਾ ਹੈ। ਫਿਲਹਾਲ ਆਈ ਐੱਮ ਡੀ ਨੇ ਅਪ੍ਰੈਲ ਤੋਂ ਜੂਨ ਦੇ ਮੌਸਮ, ਤਾਪਮਾਨ, ਲੂ ਤੇ ਬਾਰਿਸ਼ ਦਾ ਅਨੁਮਾਨ ਜਾਰੀ ਕੀਤਾ ਹੈ। ਨਾਲ ਹੀ ਲਾ ਨੀਨਾ ਦੇ ਅੰਤ ਤੇ ਅਸਰ ਦੀ ਵੀ ਸਮੀਖਿਆ ਕੀਤੀ ਹੈ।

ਆਈ ਐੱਮ ਡੀ ਦੇ ਡਾਇਰੈਕਟਰ ਜਨਰਲ ਡਾ. ਮ੍ਰਿਤਿਊਜੈ ਮਹਾਪਾਤਰਾ ਮੁਤਾਬਕ, ਅਪ੍ਰੈਲ ਤੋਂ ਜੂਨ ਤੱਕ ਦੇਸ਼ ਦੇ ਜ਼ਿਆਦਾਤਰ ਹਿੱਸਿਆਂ 'ਚ ਤਾਪਮਾਨ ਸਾਧਾਰਨ ਤੋਂ ਜ਼ਿਆਦਾ ਰਹਿ ਸਕਦਾ ਹੈ। ਹਾਲਾਂਕਿ ਇਸ ਦੌਰਾਨ ਉੱਤਰ-ਪੱਛਮ ਦੇ ਪਹਾੜਾਂ ਤੇ ਕੁਝ ਹੋਰ ਇਲਾਕਿਆਂ ਦੇ ਘੱਟੋ ਘੱਟ ਤਾਪਮਾਨ 'ਚ ਜ਼ਿਆਦਾ ਵਾਧਾ ਨਹੀਂ ਹੋਵੇਗਾ, ਪਰ ਜ਼ਿਆਦਾ ਤਾਪਮਾਨ 'ਚ ਵਾਧਾ ਸੰਭਵ ਹੈ। ਹੀਟ ਵੇਵ (ਲੂ) ਨੂੰ ਲੈ ਕੇ ਅਲਰਟ ਜਾਰੀ ਕੀਤਾ ਗਿਆ ਹੈ। ਉੱਤਰ ਪੱਛਮ ਦੇ ਮੈਦਾਨੀ ਹਿੱਸੇ, ਮੱਧ ਭਾਰਤ ਤੇ ਮੱਧ ਪੂਰਬੀ ਖੇਤਰ ਦੇ ਸੂਬਿਆਂ ਜਿਵੇਂ ਬਿਹਾਰ, ਝਾਰਖੰਡ, ਪੂਰਬੀ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੂਰਬੀ ਉੱਤਰ ਪ੍ਰਦੇਸ਼, ਮਹਾਰਾਸ਼ਟਰ, ਛੱਤੀਸਗੜ੍ਹ ਤੇ ਮੱਧ ਪ੍ਰਦੇਸ਼ ਦੇ ਕਈ ਇਲਾਕਿਆਂ 'ਚ ਗਰਮ ਹਵਾਵਾਂ ਚੱਲ ਸਕਦੀਆਂ ਹਨ, ਜਿਸ ਦੀ ਮਿਆਦ ਦੋ ਤੋਂ ਛੇ ਦਿਨਾਂ ਤੱਕ ਹੋ ਸਕਦੀ ਹੈ। ਕਿਤੇ-ਕਿਤੇ ਇਹ ਸਮਾਂ 10 ਤੱਕ ਹੋ ਸਕਦਾ ਹੈ। ਹਾਲਾਂਕਿ ਇਸ ਦੌਰਾਨ ਬਾਰਿਸ਼ ਦੀ ਸਥਿਤੀ ਦੇ ਵੀ ਸਾਧਾਰਨ ਰਹਿਣ ਦੀ ਸੰਭਾਵਨਾ ਹੈ। ਲਗਭਗ 88 ਤੋਂ 112 ਫੀਸਦੀ ਤੱਕ ਬਾਰਿਸ਼ ਹੋ ਸਕਦੀ ਹੈ। ਇਸ ਲਈ ਜਿੱਥੇ-ਜਿੱਥੇ ਬਾਰਿਸ਼ ਹੋਵੇਗੀ, ਉੱਥੇਂ ਦੇ ਲੋਕਾਂ ਨੂੰ ਲੂ ਤੋਂ ਰਾਹਤ ਮਿਲੇਗੀ। ਦੇਸ਼ ਦੇ ਕੁਝ ਹਿੱਸਿਆਂ 'ਚ ਜ਼ਿਆਦਾ ਬਾਰਿਸ਼ ਦਾ ਖਤਰਾ ਵੀ ਬਣਿਆ ਰਹਿ ਸਕਦਾ ਹੈ।



ਆਈ ਐੱਮ ਡੀ ਮੁਤਾਬਕ, ਤਿੰਨ ਅਪ੍ਰੈਲ ਤੋਂ ਬਾਅਦ ਦਿੱਲੀ ਸਮੇਤ ਉੱਤਰ ਭਾਰਤ ਦੇ ਤਾਪਮਾਨ 'ਚ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ। ਵੱਧ ਤੋਂ ਵੱਧ ਤਾਪਮਾਨ ਪੰਜ ਤੋਂ ਸੱਤ ਡਿਗਰੀ ਸੈਲਸੀਅਸ ਤੱਕ ਵੱਧ ਸਕਦਾ ਹੈ ਤੇ ਪਹਿਲੇ ਹਫਤੇ 'ਚ ਹੀ ਲੂ ਚੱਲਣੀ ਸ਼ੁਰੂ ਹੋ ਸਕਦੀ ਹੈ।

**ਓਡੀਸਾ ਤੇ ਕਰਨਾਟਕ 'ਚ ਸਮੇਂ ਤੋਂ ਪਹਿਲਾਂ ਪਈ ਲੂ**

ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਲੂ ਛੇਤੀ ਚੱਲਣ ਲੱਗੀ ਹੈ। ਪਿਛਲੇ ਸਾਲ ਪੰਜ ਅਪ੍ਰੈਲ ਨੂੰ ਓਡੀਸ਼ਾ 'ਚ ਦੇਸ਼ ਦੀ ਪਹਿਲੀ ਲੂ ਦੀ ਘਟਨਾ ਦਰਜ ਕੀਤੀ ਗਈ ਸੀ, ਜਦਕਿ ਇਸ ਵਾਰ 27-28 ਫਰਵਰੀ ਤੋਂ ਕੋਂਕਣ ਤੋਂ ਤੱਟੀ ਕਰਨਾਟਕ 'ਚ ਲੂ ਦਰਜ ਕੀਤੀ ਗਈ।

**ਬਿਜਲੀ ਦੀ ਮੰਗ 'ਚ 10 ਫੀਸਦੀ ਵਾਧਾ ਸੰਭਵ**

ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਭਾਰਤ ਨੂੰ ਇਸ ਵਾਰ ਗਰਮੀਆਂ 'ਚ ਬਿਜਲੀ ਦੀ ਵਧਦੀ ਮੰਗ ਲਈ ਤਿਆਰੀ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਗਰਮੀਆਂ 'ਚ ਬਿਜਲੀ ਦੀ ਸਭ ਤੋਂ ਜ਼ਿਆਦਾ ਮੰਗ 9 ਤੋਂ 10 ਫੀਸਦੀ ਤੱਕ ਵਧ ਸਕਦੀ ਹੈ। ਪਿਛਲੇ ਸਾਲ 30 ਮਈ ਨੂੰ ਅਨੁਮਾਨ ਦੇ ਮੁਕਾਬਲੇ ਬਿਜਲੀ ਦੀ ਮੰਗ 6.3 ਫੀਸਦੀ ਵਧਦੇ ਹੋਏ 250 ਮੈਗਾਵਾਟ ਦਾ ਅੰਕੜਾ ਪਾਰ ਕਰ ਗਈ ਸੀ।

# ਐਡਵੋਕੇਟ ਫੂਲਕਾ ਨੇ ਜੈਵਿਕ ਖੇਤੀ ਨਾਲ ਜੁੜਨ ਦਾ ਦਿੱਤਾ ਸੱਦਾ

ਭਦੌੜ ਦੇ ਜੰਮਪਲ ਆਮ ਤੌਰ 'ਤੇ ਐੱਚ ਐੱਸ ਫੂਲਕਾ, ਦਿੱਲੀ ਹਾਈ ਕੋਰਟ ਦੇ ਸੀਨੀਅਰ ਐਡਵੋਕੇਟ, ਸਿਆਸਤਦਾਨ, ਮਨੁੱਖੀ ਅਧਿਕਾਰ ਕਾਰਕੁੰਨ ਤੇ ਲੇਖਕ ਹਨ। ਉਨ੍ਹਾਂ ਹੁਣ ਆਪਣੇ ਪਿੰਡ ਆਪਣੀ ਜੱਦੀ ਜ਼ਮੀਨ 'ਚ ਜੈਵਿਕ ਖੇਤੀ ਸ਼ੁਰੂ ਕਰ ਦਿੱਤੀ ਹੈ। ਆਪਣੇ ਹਮਜਮਾਤੀ ਗੋਬਿੰਦ ਬਾਡੀ ਬਿਲਡਰਜ਼ ਤੇ ਗੋਬਿੰਦ ਇੰਟਰਨੈਸ਼ਨਲ ਸਕੂਲ ਦੇ ਚੇਅਰਮੈਨ ਦਰਸ਼ਨ ਸਿੰਘ ਗਿੱਲ ਨੂੰ ਇਸ ਫਸਲ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਲੋਕਾਂ ਨੂੰ ਬਿਮਾਰੀਆਂ ਤੋਂ ਮੁਕਤ ਜੈਵਿਕ ਖੇਤੀ ਨਾਲ ਜੁੜਨ ਦਾ ਸੱਦਾ ਦਿੰਦਿਆਂ ਇਸ ਦਾ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਹੈ। ਐੱਚ ਐੱਸ ਫੂਲਕਾ ਆਪਣੀ ਜਨਮ ਭੂਮੀ ਕਸਬਾ ਭਦੌੜ ਵਿਖੇ ਆਪਣੇ ਫਾਰਮ 'ਚ ਜੈਵਿਕ ਖੇਤੀ ਸ਼ੁਰੂ ਕਰ ਕੇ ਹੋਰ ਲੋਕਾਂ ਨੂੰ ਵੀ ਜੈਵਿਕ ਖੇਤੀ ਕਰਨ ਲਈ ਪ੍ਰੇਰਿਤ ਕਰ ਰਹੇ ਹਨ। ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਪ੍ਰਭਾਵਿਤ ਹੋ ਕੇ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੇ ਚੇਅਰਮੈਨ ਦਰਸ਼ਨ ਸਿੰਘ ਗਿੱਲ ਵੀ ਜੈਵਿਕ ਖੇਤੀ ਦੇ ਤਜਰਬੇ ਸਾਂਝੇ ਕਰਨ ਲਈ ਉਨ੍ਹਾਂ ਕੋਲ ਫੂਲਕਾ ਫਾਰਮ ਵਿਖੇ ਉਚੇਚੇ ਤੌਰ 'ਤੇ ਪੁੱਜੇ। ਫੂਲਕਾ ਨੇ ਦੱਸਿਆ ਕਿ ਉਹ ਦੋ ਸਾਲ ਦੀ ਜੈਵਿਕ ਖੇਤੀ ਦੌਰਾਨ ਕਿਸੇ ਵੀ ਤਰ੍ਹਾਂ ਦਾ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਹੋਇਆ, ਜਦਕਿ ਇਲਾਕੇ ਦੇ ਅਨੇਕਾਂ ਕਿਸਾਨ ਉਨ੍ਹਾਂ ਕੋਲ ਇਸ ਖੇਤੀ ਨੂੰ ਲੈ ਕੇ ਕਈ ਤਜਰਬੇ ਹਾਸਲ ਕਰ ਚੁੱਕੇ ਹਨ। ਆਉਣ ਵਾਲੇ ਸਮੇਂ 'ਚ ਜੈਵਿਕ ਖੇਤੀ ਕਰਨਾ ਮਨੁੱਖ ਦੀ ਮਜਬੂਰੀ ਹੋਵੇਗੀ ਕਿਉਂਕਿ ਰੇਹਾਂ, ਸਪਰੇਹਾਂ ਵਾਲੀਆਂ ਫਸਲਾਂ ਕਾਰਨ ਮਨੁੱਖਤਾ ਬਿਮਾਰੀਆਂ 'ਚ ਘਿਰਦੀ ਜਾ ਰਹੀ ਹੈ, ਜਿਸ ਨੂੰ ਆਮ ਲੋਕ ਸਮਝ ਚੁੱਕੇ ਹਨ, ਕਿਉਂਕਿ ਤੰਦਰੁਸਤੀ ਤੋਂ ਵੱਡੀ ਕੋਈ ਵੀ ਨਿਆਮਤ ਨਹੀਂ ਹੈ।



ਇਸ ਮੌਕੇ ਚੇਅਰਮੈਨ ਦਰਸ਼ਨ ਸਿੰਘ ਗਿੱਲ ਨੇ ਕਿਹਾ ਕਿ ਜੈਵਿਕ ਖੇਤੀ ਜਿੱਥੇ ਕਿਸਾਨਾਂ ਲਈ ਲਾਭਦਾਇਕ ਹੈ, ਉੱਥੇ ਜੈਵਿਕ ਖੇਤੀ 'ਚੋਂ ਉਪਜੀਆਂ ਵਸਤੂਆਂ ਨੂੰ ਲੋਕ ਮਹਿੰਗੇ ਭਾਅ 'ਤੇ ਵੀ ਖਰੀਦ ਲੈਂਦੇ ਹਨ, ਕਿਉਂਕਿ ਸਾਫ ਸੁਥਰਾ ਤੇ ਸਿਹਤ ਲਈ ਲਾਭਦਾਇਕ ਖਾਣਾ ਖਾਣ ਲਈ ਲੋਕ ਤਿਆਰ ਹਨ ਤਾਂ ਜੋ ਬਿਮਾਰੀਆਂ ਤੋਂ ਬਚਿਆ ਜਾ ਸਕੇ। ਫੂਲਕਾ ਨੇ ਦੱਸਿਆ ਕਿ ਹੁਣ ਜੈਵਿਕ ਦੁਕਾਨਾਂ ਵੀ ਖੁੱਲ੍ਹ ਰਹੀਆਂ ਹਨ, ਜਿੱਥੇ ਸਿਰਫ ਜੈਵਿਕ ਸਮਾਨ ਹੀ ਮਿਲਦਾ ਹੈ।

## ਕੌਣ ਹਨ ਐੱਚ. ਐੱਸ. ਫੂਲਕਾ

ਹਰਵਿੰਦਰ ਸਿੰਘ ਫੂਲਕਾ ਦਾ ਜਨਮ ਪੰਜਾਬ ਦੇ ਬਰਨਾਲਾ ਜ਼ਿਲ੍ਹਾ ਦੇ ਕਸਬਾ ਭਦੌੜ 'ਚ ਹੋਇਆ ਸੀ। ਆਪਣੀ ਸਨਾਤਕ ਦੀ ਡਿਗਰੀ ਉਸ ਨੇ ਚੰਡੀਗੜ੍ਹ ਤੋਂ ਪ੍ਰਾਪਤ ਕੀਤੀ, ਜਦਕਿ ਐੱਲ ਐੱਲ ਬੀ ਲੁਧਿਆਣਾ ਤੋਂ ਕੀਤੀ। ਆਪਣੀ ਸਿੱਖਿਆ ਪ੍ਰਾਪਤ ਕਰਨ ਮਗਰੋਂ ਫੂਲਕਾ ਨੇ ਦਿੱਲੀ 'ਚ ਵਕਾਲਤ ਸ਼ੁਰੂ ਕੀਤੀ। ਉਹ ਪਿਛਲੇ ਚਾਰ ਦਹਾਕਿਆਂ ਤੋਂ ਸਾਲ 1984 'ਚ ਹੋਏ ਸਿੱਖ ਵਿਰੋਧੀ ਦੰਗਿਆਂ ਦੇ ਦੋਸ਼ੀਆਂ ਖਿਲਾਫ ਮੁਕੱਦਮੇ ਲੜ ਰਹੇ ਹਨ। ਜਨਵਰੀ 2014 'ਚ ਫੂਲਕਾ ਆਮ ਆਦਮੀ ਪਾਰਟੀ 'ਚ ਸ਼ਾਮਲ ਹੋ ਗਏ ਸਨ ਤੇ 2014 ਲੋਕ ਸਭਾ ਚੋਣ 'ਚ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਲੁਧਿਆਣਾ ਤੋਂ ਚੋਣ ਲੜੇ ਸਨ। ਪਿਛਲੇ ਦਿਨੀਂ ਉਨ੍ਹਾਂ ਵੱਲੋਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਮੈਂਬਰਸ਼ਿਪ ਲੈਣ ਦੀਆਂ ਖਬਰਾਂ ਦੀ ਚਰਚਾ 'ਚ ਸਨ। ਪਰ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਖੁਦ ਖਬਰ ਦਾ ਖੰਡਨ ਕਰ ਦਿੱਤਾ ਸੀ, ਜਿੱਥੇ ਉਹ ਸਿੱਖ ਦੰਗਿਆਂ ਦੇ ਨਾਮੀ ਵਕੀਲ ਹਨ, ਉੱਥੇ ਹੀ ਉਹ ਹੁਣ ਜੈਵਿਕ ਖੇਤੀ ਲਈ ਵੀ ਪਰਪੱਕ ਸਮਾਜ ਸੇਵਾ ਨੂੰ ਸਮਰਪਿਤ ਹੋ ਕੇ ਲੋਕਾਂ ਨੂੰ ਨਿਰੋਗ ਕਰਨ 'ਚ ਵੱਡਾ ਯੋਗਦਾਨ ਪਾ ਰਹੇ ਹਨ।

# ਬਦਲਦੇ ਮੌਸਮ ਵਿਚ ਪਿਆਜ਼ ਉੱਪਰ ਥਰਿੱਪ (ਜੂੰ) ਦੇ ਹਮਲੇ ਬਾਰੇ ਸੁਚੇਤ ਰਹੋ

ਥਰਿੱਪ (ਜੂੰ) ਆਕਾਰ ਵਿਚ ਬਹੁਤ ਹੀ ਛੋਟੇ, ਲੰਬੇ, ਪਤਲੇ ਅਤੇ ਹਲਕੇ ਪੀਲੇ ਰੰਗ ਦੇ ਹੁੰਦੇ ਹਨ। ਇਹ ਪੱਤਿਆਂ ਦੇ ਵਿਚਾਲੇ ਮੁੱਢਾਂ ਵਿਚ ਬਹੁਤ ਧਿਆਨ ਨਾਲ ਦੇਖਣ ਤੇ ਹੀ ਨਜ਼ਰ ਆਉਂਦੇ ਹਨ। ਥਰਿੱਪ ਫਰਵਰੀ ਤੋਂ ਮਈ ਦੇ ਮਹੀਨਿਆਂ ਵਿਚ ਪੱਤਿਆਂ (ਭੂਕਾਂ) ਦੇ ਵਿਚਾਲੇ ਮੁੱਢਾਂ ਵਿਚ ਖੁਰਚ ਕੇ ਰਸ ਚੂਸਦਾ ਹੈ। ਇਸ ਕਰਕੇ ਪੱਤਿਆਂ ਉੱਤੇ ਚਿੱਟੇ ਧੱਬੇ ਪੈ ਜਾਂਦੇ ਹਨ। ਜ਼ਿਆਦਾ ਹਮਲੇ ਦੇ ਨਤੀਜੇ ਵਜੋਂ ਗੰਢੇ ਦੇ ਆਕਾਰ ਅਤੇ ਵਿਕਾਸ ਤੇ ਮਾੜਾ ਅਸਰ ਪੈਂਦਾ ਹੈ। ਜੂੰ ਦੇ ਖਾਦੇ ਪੱਤਿਆਂ ਦੇ ਹਿੱਸੇ ਉੱਤੇ ਬਿਮਾਰੀਆਂ ਦੀ ਹਮਲਾ ਵੀ ਵੱਧ ਹੁੰਦਾ ਹੈ।

**ਰੋਕਥਾਮ**

★ ਖੇਤ ਦੇ ਆਲੇ ਦੁਆਲੇ ਨਦੀਨ ਨਾ ਹੋਣ ਦਿਓ ਅਤੇ ਸਾਫ-ਸਫਾਈ ਰੱਖੋ।

★ ਇਸ ਦੀ ਰੋਕਥਾਮ ਲਈ 30 ਗ੍ਰਾਮ ਜੰਪ 80 ਡਬਲਯੂ ਜੀ (ਫਿਪਰੋਨਿਲ) ਜਾਂ 250 ਮਿਲੀਲਿਟਰ ਰੋਗਰ 30 ਈ ਸੀ (ਡਾਈਮੈਥੋਏਟ) ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ।

★ ਕੀਟਨਾਸ਼ਕ ਦਾ ਛਿੜਕਾਅ ਕਰਦੇ ਸਮੇਂ, ਸਪ੍ਰੇਅਰ ਦੀ ਨੋਜ਼ਲ ਨੂੰ ਬੂਟੇ ਦੇ ਮੁੱਢ ਵੱਲ ਰੱਖਣਾ ਚਾਹੀਦਾ ਹੈ ਤਾਂ ਜੋ ਸਪਰੇ ਹਮਲੇ ਵਾਲੀ ਥਾਂ ਵੱਧ ਤੋਂ ਵੱਧ ਜਾ ਸਕੇ।

**ਰਣਵੀਰ ਸਿੰਘ ਅਤੇ ਗੁਰਦੀਪ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ**
**ਮੋਬਾਇਲ : 80734-35740**

# ਖਾਦਾਂ ਦੀਆਂ ਕੀਮਤਾਂ 'ਚ 460 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ

ਖਾਦ ਕੰਪਨੀਆਂ ਵਲੋਂ ਕਿਸਾਨਾਂ ਨੂੰ ਇਕ ਹੋਰ ਆਰਥਿਕ ਝਟਕਾ ਦਿੰਦਿਆਂ ਦੇਸ਼ 'ਚ ਸਭ ਤੋਂ ਵੱਧ ਵਰਤੀ ਜਾਂਦੀ ਐਨ. ਪੀ. ਕੇ. ਖਾਦ 'ਚ 460 ਰੁਪਏ ਪ੍ਰਤੀ ਕੁਇੰਟਲ (230 ਰੁਪਏ ਪ੍ਰਤੀ ਗੱਟਾ 50 ਕਿਲੋ) ਵਾਧਾ ਕੀਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਟਿਕੈਤ ਦੇ ਸੂਬਾ ਜਰਨਲ ਸਕੱਤਰ ਸਰੂਪ



ਸਿੰਘ ਸਿੱਧੂ ਰਾਮਾਂ ਨੇ ਦੱਸਿਆ ਕਿ ਖਾਦ ਕੰਪਨੀਆਂ ਨੇ ਐਨ. ਪੀ. ਕੇ. ਖਾਦ ਗਰੇਡ 12:32:16 ਤੇ ਗਰੇਡ 10:26:26 ਦੀ ਕੀਮਤ 1700 ਰੁਪਏ ਪ੍ਰਤੀ ਗੱਟਾ ਕਰ ਦਿੱਤੀ ਹੈ ਜਦਕਿ ਪਹਿਲਾਂ 1470 ਰੁਪਏ ਪ੍ਰਤੀ ਗੱਟਾ ਸੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਕਿਸਾਨ ਡੀ. ਏ. ਪੀ. ਖਾਦ ਨਾਲੋਂ ਵੱਧ ਐਨ. ਪੀ. ਕੇ. ਖਾਦ ਦੀ ਵਰਤੋਂ ਕਰਦੇ ਹਨ, ਪੰਜਾਬ ਦੇ ਕਿਸਾਨਾਂ ਨੇ ਨਵੰਬਰ 2024 'ਚ ਡੀ. ਏ. ਪੀ. ਦੀ ਘਾਟ ਕਾਰਨ ਐਨ. ਪੀ. ਕੇ. (12:32:16) ਖਾਦ ਦੀ ਵਰਤੋਂ ਕਰ ਕੇ ਕਣਕ ਦੀ ਬਿਜਾਈ ਕੀਤੀ ਸੀ। ਉਨ੍ਹਾਂ ਦੱਸਿਆ ਕਿ ਦੇਸ਼ 'ਚ ਲਗਭਗ ਐਨ. ਪੀ. ਕੇ. ਖਾਦ ਦੀ ਖਪਤ 105 ਲੱਖ ਟਨ, ਡੀ.ਏ.ਪੀ. ਖਾਦ ਦੀ ਸਾਲਾਨਾ ਖਪਤ 103 ਲੱਖ ਟਨ, ਪੋਟਾਸ਼ ਦੀ ਖਪਤ 38 ਲੱਖ ਟਨ ਤੇ ਯੂਰੀਆ 325 ਲੱਖ ਟਨ ਦੀ ਵਰਤੋਂ ਕੀਤੀ ਜਾਂਦੀ ਹੈ। ਕਿਸਾਨ ਆਗੂ ਸਰੂਪ ਸਿੰਘ ਰਾਮਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਖਾਦਾਂ ਦੀ ਸਬਸਿਡੀ 'ਚ ਹੋਰ ਵਾਧਾ ਕਰ ਕੇ ਖਾਦਾਂ ਦੇ ਰੇਟਾਂ ਨੂੰ ਘਟਾ ਕੇ ਦੇਸ਼ ਦੇ ਕਿਸਾਨਾਂ ਨੂੰ ਰਾਹਤ ਦੇਵੇ।

RNI Regd. No. PUNPUN00806 (42269/83)


ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਡਾ. ਰਣਜੀਤ ਸਿੰਘ ਦਾ ਖੇਤੀ ਵਿਕਾਸ ਵਿਚ ਅਹਿਮ ਯੋਗਦਾਨ - ਡਾ. ਖੁਸ਼

ਵਿਸ਼ਵ ਖੁਰਾਕ ਇਨਾਮ ਪ੍ਰਾਪਤ ਵਿਸ਼ਵ ਪ੍ਰਸਿੱਧ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼ ਫਾਊਂਡੇਸ਼ਨ ਦੇ ਚੇਅਰਮੈਨ ਡਾ. ਗੁਰਦੇਵ ਸਿੰਘ ਖੁਸ਼ ਹੋਰਾਂ ਜਿਨ੍ਹਾਂ ਨੂੰ ਚੌਲਾਂ ਦਾ ਬਾਦਸ਼ਾਹ ਵੀ ਆਖਿਆ ਜਾਂਦਾ ਹੈ, ਨੇ ਫਾਊਂਡੇਸ਼ਨ ਦੇ ਵਾਰਸ਼ਿਕ ਸਮਾਗਮ ਵਿਚ ਡਾ. ਰਣਜੀਤ ਸਿੰਘ ਦਾ ਵਿਸ਼ੇਸ਼ ਸਨਮਾਨ ਕਰਦਿਆਂ ਹੋਇਆਂ ਆਖਿਆ ਕਿ ਪੰਜਾਬ ਦੇ ਕਿਸਾਨਾਂ ਅਤੇ ਜਵਾਨੀ ਵਿਚ ਵਿਗਿਆਨਕ ਖੇਤੀ ਨੂੰ ਪ੍ਰਫੁੱਲਤ ਕਰਨ ਵਿਚ 1962 ਤੋਂ ਬੇਮਿਸਾਲ ਦੇਣ ਦੇ ਲਈ ਫਾਊਂਡੇਸ਼ਨ ਵੱਲੋਂ ਖੁਸ਼ ਪੁਰਸਕਾਰ ਨਾਲ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਆਖਿਆ ਕਿ ਪੰਜਾਬ ਵਿਚ ਖੇਤੀ ਪੱਤਰਕਾਰੀ ਦੇ ਮੋਢੀ ਵੱਲੋਂ ਜਾਣੇ ਜਾਂਦੇ ਡਾ. ਸਿੰਘ ਆਪਣੀਆਂ ਲਿਖਤਾਂ ਰਾਹੀਂ ਲੱਖਾਂ ਕਿਸਾਨਾਂ ਨਾਲ ਜੁੜੇ ਹੋਏ ਹਨ। ਉਨ੍ਹਾਂ ਦੇ ਲੇਖ ਪੰਜਾਬੀ ਦੀਆਂ ਪ੍ਰਸਿੱਧ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਬਕਾਇਦਗੀ ਨਾਲ ਛਪਦੇ ਹਨ। ਆਪਣੀਆਂ ਲਿਖਤਾਂ ਰਾਹੀਂ ਉਹ ਖੇਤੀ ਪੱਤਰਕਾਰੀ ਵਿਚ ਇੱਕ ਭਰੋਸੇਯੋਗ ਆਵਾਜ਼ ਬਣ ਕੇ ਕਿਸਾਨਾਂ ਨੂੰ ਆਧੁਨਿਕ ਵਿਗਿਆਨਕ ਢੰਗ ਅਪਨਾਉਣ ਲਈ ਉਤਸ਼ਾਹਿਤ ਕਰਦਾ ਹੈ। ਉਸ ਦੀਆਂ ਹੁਣ ਤੱਕ 36 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਨੂੰ ਭਾਰਤ ਸਰਕਾਰ, ਨੈਸ਼ਨਲ ਬੁੱਕ ਟਰੱਸਟ, ਪੰਜਾਬੀ ਯੂਨੀਵਰਸਿਟੀ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਤੇ ਹੋਰ ਅਦਾਰਿਆਂ ਨੇ ਛਾਪਿਆ ਹੈ। ਇਨ੍ਹਾਂ ਪੁਸਤਕਾਂ ਰਾਹੀਂ ਕਿਸਾਨਾਂ ਅਤੇ ਜੁਆਨਾਂ ਨੂੰ ਕੇਵਲ ਨਵਾਂ ਗਿਆਨ ਹੀ ਪ੍ਰਾਪਤ ਨਹੀਂ ਹੁੰਦਾ ਸਗੋਂ ਅੱਗੇ ਵਧਣ ਲਈ ਪ੍ਰੇਰਨਾ ਵੀ ਮਿਲਦੀ ਹੈ।

ਡਾ. ਖੁਸ਼ ਹੋਰਾਂ ਅੱਗੇ ਦੱਸਿਆ ਕਿ ਉਨ੍ਹਾਂ ਵੱਲੋਂ ਪਾਏ ਇਸ ਯੋਗਦਾਨ ਲਈ ਭਾਰਤ ਸਰਕਾਰ ਨੇ ਆਪਣਾ ਵਿਕਾਰੀ ਸਨਮਾਨ 'ਪ੍ਰਿੰਟ ਮੀਡੀਏ ਰਾਹੀਂ ਵਿਗਿਆਨ ਸੰਚਾਰ' ਉਨ੍ਹਾਂ ਨੂੰ ਪ੍ਰਦਾਨ ਕੀਤਾ ਹੈ। ਪੰਜਾਬ ਸਰਕਾਰ ਵੱਲੋਂ ਸਟੇਟ ਅਵਾਰਡ, ਪੰਜਾਬ ਸਰਕਾਰ ਪ੍ਰਮਾਣ ਪੱਤਰ ਅਤੇ ਸ਼੍ਰੋਮਣੀ ਲੇਖਕ ਦੇ ਸਨਮਾਨ ਨਾਲ ਸਨਮਾਨਿਆ ਹੈ। ਉਨ੍ਹਾਂ ਨੂੰ ਵਿਸ਼ਵ ਬੈਂਕ, ਅੰਤਰਰਾਸ਼ਟਰੀ ਝੋਨਾ ਖੋਜ ਕੇਂਦਰ ਤੇ ਹੋਰ ਕਈ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਕੰਮ ਕੀਤਾ ਹੈ। ਉਨ੍ਹਾਂ ਦੀ ਖੇਤੀ ਪੱਤਰਕਾਰਤਾ ਨਾਲ ਵਚਨਬੱਧਤਾ ਨੇ ਪੰਜਾਬ ਨੂੰ ਭਾਰਤ ਦਾ ਅੰਨ ਭੰਡਾਰ ਬਣਾਉਣ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਡਾ. ਸਰਕਾਰ ਸਿੰਘ ਜੌਹਲ ਹੋਰਾਂ ਦਾ ਆਖਦਾ ਹੈ ਕਿ ਜੇਕਰ ਪੰਜਾਬ ਦੀ ਖੇਤੀ ਅਤੇ ਪੇਂਡੂ ਵਿਕਾਸ ਵਿਚ ਮਹੱਤਵਪੂਰਨ ਯੋਗਦਾਨ ਪਾਉਣ ਵਾਲਿਆਂ ਦੀ ਸੂਚੀ ਬਣਾਈ ਜਾਵੇ ਤਾਂ ਡਾ. ਰਣਜੀਤ ਸਿੰਘ ਦਾ ਨਾਮ ਇਸ ਵਿਚ ਜ਼ਰੂਰ ਦਰਜ ਹੋਵੇਗਾ। ਉਸ ਦੇ ਵਿਸ਼ੇ ਦੇ ਵਿਦਿਆਰਥੀ ਉਸ ਨੂੰ ਗੁਰੂ ਜੀ ਕਰਕੇ ਜਾਣਦੇ ਹਨ ਅਤੇ ਪਾਠਕਾਂ ਲਈ ਉਹ ਖੇਤੀ ਪੱਤਰਕਾਰੀ ਦਾ ਮੋਢੀ ਹੈ।



ਇਸ ਸਨਮਾਨ ਲਈ ਖੁਸ਼ ਫਾਊਂਡੇਸ਼ਨ ਦਾ ਧੰਨਵਾਦ ਕਰਦਿਆਂ ਡਾ. ਰਣਜੀਤ ਸਿੰਘ ਨੇ ਆਖਿਆ ਕਿ ਭਾਵੇਂ ਮੈਨੂੰ ਉਹ ਸਾਰੇ ਸਨਮਾਨ ਮਿਲ ਚੁੱਕੇ ਹਨ ਜਿਨ੍ਹਾਂ ਦਾ ਮੈਂ ਹੱਕਦਾਰ ਹਾਂ। ਪਰ ਇਸ ਸਨਮਾਨ ਦੀ ਮੇਰੇ ਜੀਵਨ ਵਿਚ ਵਿਸ਼ੇਸ਼ ਮਹੱਤਤਾ ਹੈ ਕਿਉਂ ਇਹ ਸਨਮਾਨ ਮੈਨੂੰ ਮੇਰੇ ਆਪਣਿਆਂ ਵੱਲੋਂ ਦਿੱਤਾ ਗਿਆ ਹੈ ਜਿਨ੍ਹਾਂ ਮੇਰੇ ਕੰਮ ਨੂੰ ਨੇੜੇ ਹੋ ਕੇ ਵੇਖਿਆ ਹੈ ਅਤੇ ਉਨ੍ਹਾਂ ਮਹਾਨ ਸਖ਼ਸ਼ੀਅਤਾਂ ਦੇ ਹੱਥੋਂ ਪ੍ਰਾਪਤ ਹੋਇਆ ਹੈ ਜਿਨ੍ਹਾਂ ਸਾਰੀ ਉਮਰ ਇਮਾਨਦਾਰੀ ਅਤੇ ਲਗਨ ਨਾਲ ਲੋਕ ਸੇਵਾ ਕੀਤੀ ਹੈ। ਡਾ. ਖੁਸ਼ ਅਤੇ ਡਾ. ਜੌਹਲ ਨੇ ਪਿੰਡਾਂ ਦੇ ਸਧਾਰਨ ਘਰਾਂ ਵਿੱਚੋਂ ਉੱਠ ਪਿੰਡਾਂ ਤੇ ਤੱਪੜਾਂ ਵੱਲੋਂ ਸਕੂਲਾਂ ਵਿੱਚੋਂ ਕਈ ਮੀਲ ਪੈਦਲ ਤੁਰ ਕੇ ਪੜ੍ਹਾਈ ਕੀਤੀ ਅਤੇ ਆਪਣੀ ਮਿਹਨਤ ਨਾਲ ਹੇਠਲੇ ਡੰਡੇ ਤੋਂ ਸ਼ੁਰੂ ਹੋ ਕੇ ਟੀਸੀ ਨੂੰ ਛੂਹਿਆ ਹੈ।

ਉਨ੍ਹਾਂ ਦੇ ਅੱਗੇ ਹਮੇਸ਼ਾਂ ਲੋਕ ਭਲਾਈ ਵਿਸ਼ੇਸ਼ ਕਰਕੇ ਕਿਸਾਨ ਭਲਾਈ ਹੀ ਪ੍ਰਮੁੱਖ ਰਹੀ ਹੈ। ਉਸ ਅੱਗੇ ਦੱਸਿਆ ਕਿ ਮੈਂ ਗੁਰੂ ਨਾਨਕ ਸਾਹਿਬ ਦੇ 500 ਸਾਲਾ ਪ੍ਰਕਾਸ਼ ਪੁਰਬ ਸਮੇਂ ਗੁਰੂ ਨਾਨਕ ਸਾਹਿਬ ਬਾਰੇ ਮਹਾਂਕਾਵਿ ਤਿਆਰ ਕੀਤਾ ਸੀ ਜਿਸ ਦਾ ਮੁੱਖ ਬੰਧ ਡਾ. ਮਹਿੰਦਰ ਸਿੰਘ ਰੰਧਾਵਾ ਹੋਰਾਂ ਲਿਖਿਆ ਸੀ। ਜਦੋਂ ਛਪੀ ਪੁਸਤਕ ਉਨ੍ਹਾਂ ਨੂੰ ਦੇਣ ਗਿਆ ਤਾਂ ਉਨ੍ਹਾਂ ਆਖਿਆ, ਪੰਜਾਬੀ ਵਿਚ ਕਵਿਤਾ, ਕਹਾਣੀਆਂ ਲਿਖਣ ਵਾਲੇ ਬਹੁਤ ਹਨ ਪਰ ਕਿਸਾਨਾਂ ਬਾਰੇ ਅਤੇ ਕਿਸਾਨਾਂ ਲਈ ਲਿਖਣ ਵਾਲੇ ਕੋਈ ਨਹੀਂ, ਤੂੰ ਕਿਸਾਨਾਂ ਬਾਰੇ ਅਤੇ ਕਿਸਾਨਾਂ ਲਈ ਲਿਖਿਆ ਲਈ ਲਿਖਿਆ ਕਰ। ਮੈਨੂੰ ਪੂਰਾ ਯਕੀਨ ਹੈ ਕਿ ਇਹ ਕੰਮ ਵਧੀਆ ਕਰ ਸਕਦਾ ਹੈਂ। ਮੈਂ ਉਦੋਂ ਤੋਂ ਹੀ ਕਿਸਾਨੀ ਬਾਰੇ ਲਿਖਣ ਦਾ ਫੈਸਲਾ ਕੀਤਾ। ਪੰਜਾਬ ਦੀਆਂ ਸਾਰੀਆਂ ਅਖ਼ਬਾਰਾਂ ਨੂੰ ਹਫਤੇਵਾਰ ਖੇਤੀ ਅੰਕ ਕੱਢਣ ਲਈ ਪ੍ਰੇਰਿਆ ਪਰ ਉਨ੍ਹਾਂ ਇਸ ਸ਼ਰਤ ਤੇ ਇਸ ਸੁਝਾਵ ਨੂੰ ਮੰਨਿਆ ਕਿ ਛੱਪਣ ਵਾਲਾ ਮੈਟਰ ਤੁਹਾਨੂੰ ਦੇਣਾ ਪਵੇਗਾ। ਮੈਂ ਉਦੋਂ ਤੋਂ ਹੀ ਹਰ ਹਫਤੇ ਕਿਸਾਨਾਂ ਲਈ ਲਿਖ ਰਿਹਾ ਹਾਂ। ਮੈਂ ਇਹ ਵੀ ਅਨੁਭਵ ਕੀਤਾ ਕਿ ਖੇਤੀ ਵਿਕਾਸ ਲਈ ਕੇਵਲ ਨਵਾਂ ਗਿਆਨ ਹੀ ਕਾਫੀ ਨਹੀਂ ਸਗੋਂ ਢੁੱਕਵੀਂ ਰਾਜਨੀਤਕ ਅਤੇ ਸਮਾਜਿਕ ਸਹਾਇਤਾ ਵੀ ਜ਼ਰੂਰੀ ਹੈ। ਇਸ ਕਰਕੇ ਮੈਂ ਆਪਣੀ ਲੇਖਣੀ ਦੇ ਘੇਰੇ ਵਿਚ ਵਾਧਾ ਕੀਤਾ। ਨੌਜਵਾਨਾਂ ਵਿਚ ਵੱਧ ਰਹੀ ਨਿਰਾਸ਼ਤਾ ਅਤੇ ਬੇਚੈਨੀ ਨੂੰ ਦੂਰ ਕਰਨ ਲਈ ਉਨ੍ਹਾਂ ਲਈ ਲਿਖਿਆ ਤੇ ਕੁਝ ਵਿਸ਼ੇਸ਼ ਪੁਸਤਕਾਂ ਵੀ ਲਿਖੀਆਂ। ਜਦੋਂ ਮੈਂ ਲਿਖਦਾ ਹਾਂ ਤਾਂ ਮੇਰੇ ਸਾਹਮਣੇ ਕੇਵਲ ਇਹੋ ਹੀ ਸੋਚ ਹੁੰਦੀ ਹੈ ਕਿ ਜਿਨ੍ਹਾਂ ਲਈ ਲਿਖਦਾ ਹਾਂ ਉਨ੍ਹਾਂ ਨੂੰ ਕੀ ਲਾਭ ਹੋਵੇਗਾ। ਨੌਕਰੀ ਤੋਂ ਸੇਵਾ ਮੁਕਤੀ ਪਿਛੋਂ ਵੀ ਮੈਂ ਹਰ ਹਫਤੇ ਲਿਖ ਰਿਹਾ ਹਾਂ। ਪਾਠਕਾਂ ਵੱਲੋਂ ਮਿਲਦਾ ਹੁੰਗਾਰਾ ਮੇਰੇ ਲਈ ਕੇਵਲ ਪ੍ਰੇਰਨਾ ਸਰੋਤ ਹੀ ਨਹੀਂ ਸਗੋਂ ਊਰਜਾ ਸਰੋਤ ਵੀ ਹੈ। ਮੈਨੂੰ ਹੁਣ ਵੀ ਕੋਈ 10 ਅਖਬਾਰਾਂ ਤੇ ਮੈਗਜ਼ੀਨ ਛਾਪਦੇ ਹਨ ਅਤੇ ਪਾਠਕਾਂ ਦੀ ਗਿਣਤੀ ਲੱਖਾਂ ਵਿਚ ਹੈ।

ਡਾ. ਰਣਜੀਤ ਸਿੰਘ ਨੂੰ ਇਹ ਸਨਮਾਨ ਡਾ. ਗੁਰਦੇਵ ਸਿੰਘ ਖੁਸ਼, ਨੀਤੀ ਆਯੋਗ ਦੇ ਮੈਂਬਰ, ਪ੍ਰੋ. ਰਮੇਸ਼ ਚੰਦ, ਗੜਵਾਸੂ ਦੇ ਵੀ ਡਾ. ਜੇ.ਪੀ. ਐੱਸ ਗਿੱਲ; ਕਾਹਨ ਸਿੰਘ ਪੰਨੂੰ ਤੇ ਹੋਰ ਸਖਸ਼ੀਅਤਾਂ ਨੇ ਪ੍ਰਦਾਨ ਕੀਤਾ।

